Brooklyn

ਡਿਸਟ੍ਰਿਕਟ 33–48

**ਅਗਾਊਂ ਵੋਟਿੰਗ**
17–25 ਜੂਨ

**ਚੋਣ-ਦਿਵਸ**
27 ਜੂਨ

## 2023 ਪ੍ਰਮੁੱਖ ਚੋਣਾਂ

## ਸਿਟੀ ਕੌਂਸਲ

# ਵੋਟਰ ਗਾਈਡ



**ਤੇ ਹੋਰ ਜਾਣੋ**
**punjabi.nycvotes.org**

NYC VOTES

ਨਿਊਯਾਰਕ ਸ਼ਹਿਰ ਦਾ ਕੈਂਪੇਨ
ਫਾਇਨਾਂਸ ਬੋਰਡ ਦੀ ਇੱਕ ਪਹਿਲ

# 2023 NYC ਵੋਟਰ ਗਾਈਡ

## ਆਪਣੀ ਡਿਸਟ੍ਰਿਕਟ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਸਭ ਤੋਂ ਨਵੀਂ ਸੂਚੀ ਵੇਖਣ ਲਈ punjabi.nycvotes.org/candidates 'ਤੇ ਜਾਓ।

### ਮੈਂ ਵੋਟ ਕਦੋਂ ਪਾਵਾਂ?

- ਪ੍ਰਮੁੱਖ ਚੋਣਾਂ ਮੰਗਲਵਾਰ, 27 ਜੂਨ ਨੂੰ ਪੈਣੀਆਂ ਹਨ।
- ਤੁਸੀਂ ਸ਼ਨਿਚਰਵਾਰ, 17 ਜੂਨ ਤੋਂ ਐਤਵਾਰ, 25 ਜੂਨ ਤੱਕ ਅਗਾਊਂ ਵੋਟ ਪਾ ਸਕਦੇ ਹੋ।
- ਸੋਮਵਾਰ, 26 ਜੂਨ ਨੂੰ ਕੋਈ ਅਗਾਊਂ ਵੋਟਿੰਗ ਨਹੀਂ ਪੈਣੀ।

### ਮੈਂ ਕਿਸ ਲਈ ਵੋਟਿੰਗ ਕਰ ਰਿਹਾ/ਰਹੀ ਹਾਂ?

**ਦਫ਼ਤਰ**

- ਸਿਟੀ ਕੌਂਸਲ
- ਡਿਸਟ੍ਰਿਕਟ ਅਟਾੱਰਨੀ
- ਸਿਵਿਲ ਅਦਾਲਤ

**ਪਾਰਟੀ ਦੇ ਅਹੁਦੇ**

- ਅਦਾਲਤੀ ਸਮਾਗਮ ਲਈ ਡੈਲੀਗੇਟ
- ਅਦਾਲਤੀ ਸਮਾਗਮ ਲਈ ਬਦਲਵੇਂ ਡੈਲੀਗੇਟ/ਨੁਮਾਇੰਦੇ
- ਸਟੇਟ ਕਮੇਟੀ
- ਕਾਉਂਟੀ ਕਮੇਟੀ
- ਡਿਸਟ੍ਰਿਕਟ ਲੀਡਰ

ਤੁਹਾਡੀ ਵੋਟ-ਪਰਚੀ 'ਤੇ ਦਿੱਤੇ ਗਏ ਖ਼ਾਸ ਦਫ਼ਤਰ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਤੁਸੀਂ ਕਿੱਥੇ ਰਹਿੰਦੇ ਹੋ ਅਤੇ ਤੁਸੀਂ ਕਿਸ ਸਿਆਸੀ ਪਾਰਟੀ ਨਾਲ ਜੁੜੇ ਹੋਏ ਹੋ। punjabi.nycvotes.org/candidates 'ਤੇ ਆਪਣੀ ਵੋਟ-ਪਰਚੀ ਵੇਖੋ

## ਚੋਣ ਦੀਆਂ ਤਾਰੀਖ਼ਾਂ ਅਤੇ ਅੰਤਮ ਤਾਰੀਖ਼ਾਂ

| | |
|---|---|
| **12 ਜੂਨ** | ਗੈਰਹਾਜ਼ਰ ਬੈਲਟ ਬਾਰੇ ਬੇਨਤੀ ਦੀ ਅੰਤਮ-ਤਾਰੀਖ਼ (ਆੱਨਲਾਈਨ ਜਾਂ ਡਾਕ ਰਾਹੀਂ)<br>*ਜੇ ਤੁਸੀਂ ਗੈਰਹਾਜ਼ਰ ਬੈਲਟ ਬਾਰੇ ਬੇਨਤੀ ਫ਼ਾਰਮ ਡਾਕ ਰਾਹੀਂ ਭੇਜਦੇ ਹੋ, ਤਾਂ ਚੋਣ ਬੋਰਡ (Board of Elections) ਨੂੰ ਇਸ ਤਾਰੀਖ਼ ਤੱਕ ਜ਼ਰੂਰ ਮਿਲਣਾ ਚਾਹੀਦਾ ਹੈ।. |
| **17 ਜੂਨ** | ਵੋਟਰ ਰਜਿਸਟ੍ਰੇਸ਼ਨ ਦੀ ਅੰਤਮ-ਤਾਰੀਖ਼ |
| **17 ਜੂਨ** | ਅਗਾਊਂ ਵੋਟਿੰਗ ਸ਼ੁਰੂ ਹੋਣੀ ਹੈ |
| **25 ਜੂਨ** | ਅਗਾਊਂ ਵੋਟਿੰਗ ਖ਼ਤਮ ਹੋਣੀ ਹੈ |
| **26 ਜੂਨ** | ਗੈਰਹਾਜ਼ਰ ਬੈਲਟ ਬਾਰੇ (ਚੋਣ ਬੋਰਡ (Board of Elections) ਦੇ ਦਫ਼ਤਰ ਵਿੱਚ ਆਪ ਆਕੇ) ਅੰਤਮ-ਤਾਰੀਖ਼ ਦੀ ਬੇਨਤੀ ਕੀਤੀ ਜਾ ਸਕਦੀ ਹੈ। |
| **27 ਜੂਨ** | ਪ੍ਰਮੁੱਖ ਚੋਣ-ਦਿਵਸ<br>(ਸਵੇਰੇ 6:00 ਵਜੇ – ਰਾਤੀਂ 9:00 ਵਜੇ)<br>ਆਪਣੀ ਗੈਰਹਾਜ਼ਰ ਬੈਲਟ (ਵੋਟ-ਪਰਚੀ) 'ਤੇ ਪੋਸਟਮਾਰਕ ਜਾਂ ਵੋਟਾਂ ਪੈਣ ਦੀ ਥਾਂ 'ਤੇ ਇਸ ਨੂੰ ਪਾਉਣ ਦੀ ਅੰਤਮ ਤਾਰੀਖ਼ |

**punjabi.nycvotes.org 'ਤੇ ਹੋਰ ਜਾਣੋ!**

## ਵਿਸ਼ਾ-ਵਸਤੂ


3 ਵੋਟ ਕਿਵੇਂ ਪਾਓ
4 ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ,
5 ਵੋਟਰ ਵਜੋਂ ਮੇਰੇ ਕੀ ਹੱਕ ਹਨ?
6 ਪਹੁੰਚਯੋਗਤਾ
7 ਸੈਂਪਲ ਵੋਟ-ਪਰਚੀ
8 ਤਰਜੀਹੀ ਵੋਟਿੰਗ
10 ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?
11 ਸਿਟੀ ਕੌਂਸਲ ਬਾਰੇ
14 ਵੋਟ-ਪਰਚੀ 'ਤੇ ਉਮੀਦਵਾਰ
45 NYC Votes ਬਾਰੇ
46 ਅਕਸਰ ਪੁੱਛੇ ਜਾਣ ਵਾਲੇ ਸੁਆਲ
48 ਚੋਣ ਬੋਰਡ (Board of Elections) ਨਾਲ ਸੰਪਰਕ ਕਰੋ

# ਵੋਟ ਕਿਵੇਂ ਪਾਓ

## ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ

**ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ ਦਾ ਪਤਾ ਲਾਓ:**

- **punjabi.nycvotes.org** 'ਤੇ ਜਾਓ
- NYC ਚੋਣ ਬੋਰਡ (Board of Elections) ਨੂੰ **866-VOTE-NYC (866-868-3692)** ਜਾਂ **TTY 212-487- 5496** 'ਤੇ ਕਾੱਲ ਕਰੋ।

---

## ਚੋਣ-ਦਿਵਸ

ਚੋਣ-ਦਿਵਸ 'ਤੇ 27 ਜੂਨ ਨੂੰ ਸਵੇਰੇ 6:00 ਵਜੇ ਤੋਂ ਰਾਤੀਂ 9:00 ਵਜੇ ਤੱਕ ਵੋਟ ਪਾਉਣ ਵਾਲੀਆਂ ਥਾਵਾਂ ਖੁੱਲ੍ਹੀਆਂ ਹਨ। ਤੁਹਾਨੂੰ ਆਪਣੀ ਮਿੱਥੀ ਹੋਈ ਵੋਟਾਂ ਪੈਣ ਦੀ ਥਾਂ 'ਤੇ ਹੀ ਵੋਟ ਪਾਉਣੀ ਚਾਹੀਦੀ ਹੈ।

ਵੋਟਾਂ ਪੈਣ ਦੀ ਥਾਂ ਬਦਲ ਸਕਦੀ ਹੈ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਪਤਾ ਲਾਉਣਾ ਯਕੀਨੀ ਬਣਾਓ!

---

## ਅਗਾਊਂ ਵੋਟਿੰਗ

ਤੁਸੀਂ ਚੋਣ-ਦਿਵਸ ਤੋਂ ਪਹਿਲਾਂ ਆਪ ਜਾਕੇ ਅਗਾਊਂ ਵੋਟ ਪਾ ਸਕਦੇ ਹੋ!

**ਕੀ ਪਤਾ ਹੋਣਾ ਚਾਹੀਦਾ ਹੈ**

- ਤੁਹਾਡੀ ਅਗਾਊਂ ਵੋਟਿੰਗ ਦੀ ਥਾਂ ਨਿਰਧਾਰਿਤ ਹੈ, ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਤੁਹਾਡੀ ਚੋਣ-ਦਿਵਸ ਵਾਲੀ ਵੋਟਾਂ ਪੈਣ ਦੀ ਥਾਂ ਤੋਂ ਵੱਖਰੀ ਹੋ ਸਕਦੀ ਹੈ।
- ਰੋਜ਼ ਸਮੇਂ ਅਲੱਗ-ਅਲੱਗ ਹੁੰਦੇ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਆਪਣੀ ਵੋਟਾਂ ਪੈਣ ਦੀ ਥਾਂ ਪੁਸ਼ਟੀ ਕਰਨਾ ਯਕੀਨੀ ਬਣਾਓ।

**ਅਗਾਊਂ ਵੋਟਿੰਗ ਦੀਆਂ ਤਾਰੀਖ਼ਾਂ**

ਸ਼ਨਿਚਰਵਾਰ, 17 ਜੂਨ ਤੋਂ ਐਤਵਾਰ, 25 ਜੂਨ।

---

## ਡਾਕ ਰਾਹੀਂ ਵੋਟ

ਜੇ ਤੁਹਾਡਾ ਕੋਈ ਜਾਇਜ਼ ਕਾਰਣ ਹੈ, ਜਿਵੇਂ ਚੋਣ-ਦਿਵਸ 'ਤੇ ਨਿਊਯਾਰਕ ਤੋਂ ਦੂਰ ਹੋ ਜਾਂ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਹੈ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

ਤੁਹਾਡੀ ਆੱਨਲਾਈਨ ਵੋਟ-ਪਰਚੀ ਜਾਂ ਡਾਕ ਰਾਹੀਂ ਤੁਹਾਡੀ ਬੇਨਤੀ ਪ੍ਰਾਪਤ ਕਰਨ ਲਈ ਚੋਣ ਬੋਰਡ (Board of Elections) ਲਈ ਅੰਤਮ-ਤਾਰੀਖ਼ 12 ਜੂਨ ਹੈ।

ਜੇ ਤੁਹਾਡਾ ਡਾਕ ਰਾਹੀਂ ਵੋਟ ਪਾਉਣ ਦਾ ਪਲਾਨ ਹੈ, ਤਾਂ ਸਿਰਫ਼ ਗੈਰਹਾਜ਼ਰ ਬੈਲਟ ਦੀ ਬੇਨਤੀ ਕਰੋ। ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ।

**ਤੁਸੀਂ ਆਪਣੀ ਗੈਰਹਾਜ਼ਰ ਬੈਲਟ ਲਈ ਕਿਵੇਂ ਬੇਨਤੀ ਕਰੋ:**

- **nycabsentee.com** 'ਤੇ ਜਾਓ।
- ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ NYC ਚੋਣ ਬੋਰਡ (Board of Elections) ਨੂੰ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।
- ਆਪਣੇ ਸਥਾਨਕ NYC ਚੋਣ ਬੋਰਡ (Board of Elections) ਦੇ ਦਫ਼ਤਰ ਵਿਖੇ ਜਾਓ। ਨਿਜੀ ਤੌਰ 'ਤੇ ਆਪਣੀ ਬੇਨਤੀ ਸਬਮਿਟ ਕਰਨ ਦੀ ਅੰਤਮ-ਤਾਰੀਖ਼ 26 ਜੂਨ ਹੈ।

**ਜੇ ਤੁਹਾਨੂੰ ਘੱਟ ਦਿਸਦਾ ਹੈ ਜਾਂ ਅਸਮਰੱਥ (ਅਪੰਗ) ਹੋ।**

ਸਕ੍ਰੀਨ ਰੀਡਰ ਨਾਲ ਆਪਣੀ ਵੋਟ-ਪਰਚੀ ਪੜ੍ਹਣ ਲਈ, ਤੁਸੀਂ **nycabsentee.com/accessibility** 'ਤੇ ਜਾਂ ਉੱਪਰ ਦਿੱਤੇ ਨੰਬਰ 'ਤੇ ਕਾੱਲ ਕਰਕੇ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

**ਆਪਣੀ ਵੋਟ-ਪਰਚੀ ਟ੍ਰੈਕ ਕਰਨੀ**

ਤੁਸੀਂ **nycabsentee.com/tracking** 'ਤੇ NYC ਚੋਣ ਬੋਰਡ (Board of Elections) ਤੋਂ ਆਪਣੀ ਵੋਟ-ਪਰਚੀ ਟ੍ਰੈਕ ਕਰ ਸਕਦੇ ਹੋ।

# ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ

## ਪਹੁੰਚਣ ਵੇਲੇ ਚੈਕ ਇਨ ਕਰੋ

ਜਦੋਂ ਤੁਸੀਂ ਅੰਦਰ ਜਾਂਦੇ ਹੋ, ਤਾਂ ਇੱਕ ਚੋਣ ਵਰਕਰ ਤੁਹਾਨੂੰ ਦਰਸਾਏਗਾ ਕਿ ਤੁਸੀਂ ਕਿੱਥੇ ਸਾਈਨ ਇਨ ਕਰਨਾ ਹੈ। ਉਹ ਤੁਹਾਡੇ ਬਾਰੇ ਰਜਿਸਟਰਡ ਵੋਟਰਾਂ ਦੀ ਸੂਚੀ ਵਿੱਚ ਵੇਖੇਗਾ ਅਤੇ ਤੁਹਾਨੂੰ ਵੋਟ-ਪਰਚੀ ਸੌਂਪਣ ਤੋਂ ਪਹਿਲਾਂ ਤੁਹਾਡੇ ਦਸਤਖ਼ਤ ਦੀ ਜਾਂਚ ਕਰੇਗਾ।

**ਸੁਝਾਅ: ਜੇ ਤੁਹਾਨੂੰ ਚੋਣ ਬੋਰਡ (Board of Elections) ਡਾਕ ਰਾਹੀਂ ਫ਼ਾਸਟ ਪਾਸ (Fast Pass) ਮਿਲਦਾ ਹੈ, ਤਾਂ ਤੇਜ਼ੀ ਨਾਲ ਚੈਕ ਇਨ ਕਰਨ ਲਈ ਇਸ ਨੂੰ ਆਪਣੇ ਨਾਲ ਲਿਆਓ!**

*ਵੋਟ ਪਾਉਣ ਲਈ ਤੁਹਾਨੂੰ ID ਵਿਖਾਉਣ ਦੀ ਲੋੜ ਨਹੀਂ ਹੈ, ਜਦ ਤੱਕ ਕਿ ਤੁਸੀਂ ਪਹਿਲੀ ਵਾਰੀ ਦੇ ਵੋਟਰ ਹੋ, ਜਿਸਨੇ ਵੋਟ ਪਾਉਣ ਲਈ ਰਜਿਸਟਰ ਕਰਨ ਵੇਲੇ DMV ਜਾਂ ਸੋਸ਼ਲ ਸਿਕਿਓਰਿਟੀ ਨੰਬਰ ਨਹੀਂ ਵਿਖਾਇਆ ਸੀ।

## ਆਪਣੀ ਵੋਟ-ਪਰਚੀ ਭਰੋ

ਆਪਣੀ ਪਸੰਦ ਦੇ ਬਿਲਕੁਲ ਸਾਹਮਣੇ ਅੰਡਾਕਾਰ ਥਾਂ ਪੂਰੀ ਤਰ੍ਹਾਂ ਭਰਕੇ ਆਪਣੀ ਵੋਟ-ਪਰਚੀ 'ਤੇ ਨਿਸ਼ਾਨ ਲਾਓ। ਜਦੋਂ ਤੁਸੀਂ ਸਿਟੀ ਕੌਂਸਲ ਲਈ ਵੋਟ ਪਾਉਂਦੇ ਹੋ, ਤਾਂ ਤੁਸੀਂ ਸਿਰਫ਼ ਇੱਕ ਉਮੀਦਵਾਰ ਨੂੰ ਚੁਣਨ ਦੀ ਥਾਂ ਪੰਜ ਤਰਜੀਹਾਂ ਤੱਕ ਰੈਂਕ ਦੇ ਸਕਦੇ ਹੋ।

ਜੇ ਤੁਹਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ ਜਾਂ ਆਪਣੀ ਵੋਟ-ਪਰਚੀ ਬਾਰੇ ਸੁਆਲ ਹੈ, ਤਾਂ ਤੁਸੀਂ ਮਦਦ ਲਈ ਪੋਲ ਵਰਕਰ ਨੂੰ ਪੁੱਛ ਸਕਦੇ ਹੋ!

*ਆਪਣੀ ਵੋਟ-ਪਰਚੀ ਦੇ ਦੋਹਾਂ ਪਾਸੇ ਨਿਸ਼ਾਨ ਲਾਉਣਾ ਯਾਦ ਰੱਖੋ, ਤਾਂ ਜੋ ਤੁਹਾਡੇ ਤੋਂ ਕੁਝ ਖੁੰਝ ਨਾ ਜਾਏ।

## ਆਪਣੀ ਵੋਟ-ਪਰਚੀ ਸਕੈਨ ਕਰੋ

ਤੁਹਾਡੀ ਵੋਟ-ਪਰਚੀ ਭਰਦਿਆਂ ਸਾਰ ਹੀ, ਸਕੈਨਰ ਵਿੱਚ ਤੁਹਾਡੀ ਵੋਟ-ਪਰਚੀ ਪਾਉਣ ਲਈ ਇੱਕ ਪੋਲ ਵਰਕਰ ਤੁਹਾਡੀ ਮਦਦ ਕਰੇਗਾ। ਤੁਹਾਡੀ ਵੋਟ ਅੰਦਰ ਜਾਣ 'ਤੇ ਸਕੈਨਰ ਤੁਹਾਨੂੰ ਦੱਸੇਗਾ।

## ਆਪਣਾ ਸਟਿੱਕਰ ਪ੍ਰਾਪਤ ਕਰੋ

ਆਪਣਾ ਸਟਿੱਕਰ ਲਓ! ਇਸ ਨੂੰ ਲਾਓ, ਦਰਸਾਓ ਅਤੇ ਯਕੀਨੀ ਬਣਾਓ ਕਿ ਤੁਹਾਡੇ ਦੋਸਤ ਅਤੇ ਪਰਿਵਾਰ ਦੀ ਵੋਟ ਪਾਉਣ ਦਾ ਪਲਾਨ ਬਣਾ ਰਿਹਾ ਹੈ।

# ਇੱਕ ਵੋਟਰ ਦੇ ਤੌਰ 'ਤੇ ਮੇਰੇ ਕੀ ਹੱਕ ਹਨ?

## ਆਮ ਚੋਣ ਵਿੱਚ ਤੁਹਾਨੂੰ ਵੋਟ ਕਰਨ ਦਾ ਹੱਕ ਹੈ, ਜੇ:

- ਤੁਸੀਂ ਇੱਕ ਅਜਿਹੀ ਪਾਰਟੀ ਦੇ ਰਜਿਸਟਰਡ ਵੋਟਰ ਹੋ, ਜੋ ਤੁਹਾਡੀ ਡਿਸਟ੍ਰਿਕਟ ਵਿੱਚ ਪ੍ਰਮੁੱਖ ਚੋਣ ਕਰਾ ਰਹੀ ਹੈ।
- ਬੰਦ ਹੋਣ ਸਮੇਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਾਈਨ ਵਿੱਚ ਹੋ।

## ਜੇ ਕੋਈ ਚੋਣ ਹੈ, ਤਾਂ ਤੁਹਾਨੂੰ ਹੱਕ ਹੈ:

- ਜੇ ਤੁਹਾਨੂੰ ਭਾਸ਼ਾ ਵਿੱਚ ਮਦਦ ਦੀ ਲੋੜ ਹੈ, ਤਾਂ ਮਦਦ ਲਈ ਇੱਕ ਚੋਣ ਵਰਕਰ ਜਾਂ ਦੁਭਾਸ਼ੀਏ ਲਈ ਪੁੱਛੋ। ਦੁਭਾਸ਼ੀਏ ਬਾਰੇ ਹੋਰ ਜਾਣਕਾਰੀ ਲਈ ਸੁਣਨ ਵਿੱਚ ਦਿੱਕਤ ਵਾਲਿਆਂ ਲਈ 866-VOTE-NYC (866-868-3692) ਜਾਂ TTY 212-487-5496 'ਤੇ ਕਾੱਲ ਕਰੋ।
- ਵੋਟ ਪਾਉਣ ਵਿੱਚ ਮਦਦ ਲਈ ਆਪਣੇ ਨਾਲ (ਆਪਣੇ ਰੋਜ਼ਗਾਰਦਾਤਾ ਜਾਂ ਯੂਨੀਅਨ ਦੇ ਨੁਮਾਇੰਦੇ ਨੂੰ ਛੱਡਕੇ) ਕਿਸੇ ਨੂੰ ਲਿਆਓ।
- ਆਪਣੇ ਨਾਲ ਸਮਗ੍ਰੀ ਲਿਆਓ, ਇਸ ਵਿੱਚ ਵੋਟਰ ਗਾਈਡ ਸ਼ਾਮਿਲ ਹੈ।
- ਭਾਵੇਂ ਵੋਟਿੰਗ ਮਸ਼ੀਨ ਟੁੱਟੀ ਹੋਈ ਹੈ, ਫਿਰ ਵੀ ਵੋਟ ਪਾਓ।
- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਵੋਟਰਾਂ ਦੀ ਸੂਚੀ ਵਿੱਚ ਤੁਹਾਡਾ ਨਾਂ ਨਹੀਂ ਹੈ, ਤਾਂ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਓ।
- ਅਸਾਨੀ ਨਾਲ ਪਹੁੰਚਣ ਵਾਲੀ ਪੋਲਿੰਗ ਦੀ ਥਾਂ, ਜਿਸ ਵਿੱਚ ਸਰੀਰਕ ਅੜਿੱਕੇ ਨਹੀਂ ਹਨ।
- ਆਪਣੀ ਵੋਟ-ਪਰਚੀ ਪਾਉਣ ਲਈ ਪਹੁੰਚਯੋਗ ਵੋਟਿੰਗ ਮਸ਼ੀਨ ਦੀ ਵਰਤੋਂ ਕਰੋ।
- ਆਪਣੀ ਸਮਰੱਥਾ ਜਾਂ ਅਸਮਰੱਥਾ (ਅਪੰਗਤਾ)ਦੀ ਪਰਵਾਹ ਕੀਤੇ ਬਿਨਾ ਵੋਟ ਪਾਓ।

## ਫ਼ੌਜਦਾਰੀ ਜਾਂ ਸੰਗੀਨ ਜੁਰਮ ਦੀ ਸਜ਼ਾ ਵਾਲੇ ਲੋਕਾਂ ਲਈ ਵੋਟਿੰਗ ਦੇ ਹੱਕ:

- ਛੋਟੇ ਜੁਰਮ ਅਤੇ ਸਜ਼ਾ ਦੀ ਉਲੰਘਣਾ ਤੁਹਾਨੂੰ ਵੋਟ ਪਾਉਣ ਤੋਂ ਨਹੀਂ ਰੋਕਦੀ, ਭਾਵੇਂ ਤੁਸੀਂ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹੋ।
- ਜੇ ਇਸ ਸਮੇਂ ਤੁਸੀਂ ਸੰਗੀਨ ਜੁਰਮ ਦੀ ਸਜ਼ਾ ਕਰਕੇ ਜੇਲ੍ਹ ਵਿੱਚ ਬੰਦ ਹੋ, ਤਾਂ ਤੁਸੀਂ ਵੋਟ ਨਹੀਂ ਪਾ ਸਕਦੇ। ਹਾਲਾਂਕਿ, ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਹਾਡੀ ਸਜ਼ਾ ਰੱਦ ਕਰ ਦਿੱਤੀ ਗਈ ਹੈ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਹਾਨੂੰ ਸੰਗੀਨ ਜ਼ੁਰਮ ਦੀ ਸਜ਼ਾ ਹੋਈ ਅਤੇ ਤੁਸੀਂ ਜੇਲ੍ਹ ਤੋਂ ਰਿਹਾ ਹੋ ਗਏ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ। ਹਾਲਾਂਕਿ, ਤੁਹਾਨੂੰ ਫਿਰ ਤੋਂ ਵੋਟ ਪਾਉਣ ਲਈ ਰਜਿਸਟਰ ਕਰਨਾ ਚਾਹੀਦਾ ਹੈ।
- ਜੇ ਤੁਹਾਨੂੰ ਫ਼ੈਡਰਲ ਸੰਗੀਨ ਜੁਰਮ ਦੀ ਸਜ਼ਾ ਹੋਈ ਹੈ ਜਾਂ ਕਿਸੇ ਹੋਰ ਸਟੇਟ ਵਿੱਚ ਸੰਗੀਨ ਜੁਰਮ ਦੀ ਸਜ਼ਾ ਹੋਈ ਹੈ, ਤਾਂ ਤੁਸੀਂ ਅਜੇ ਵੀ ਰਜਿਸਟ੍ਰੇਸ਼ਨ ਕਰਾ ਸਕਦੇ ਹੋ ਅਤੇ ਨਿਊਯਾਰਕ ਵਿੱਚ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਪ੍ਰੋਬੇਸ਼ਨ ਜਾਂ ਪੈਰੋਲ 'ਤੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਛੋਟੇ ਜੁਰਮ ਕਰਕੇ ਜੇਲ੍ਹ ਵਿੱਚ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।

## ਜੇ ਤੁਹਾਨੂੰ ਮਦਦ ਚਾਹੀਦੀ ਹੈ, ਕਿਸ ਨਾਲ ਸੰਪਰਕ ਕਰੋ:

- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਕੋਈ ਮਸਲਾ ਹੈ, ਤਾਂ ਪੋਲ ਵਰਕਰ ਨੂੰ ਦੱਸੋ ਜਾਂ 866-VOTE-NYC (866-868-3692) ਜਾਂ TTY 212-487-5496 'ਤੇ NYC ਚੋਣ ਬੋਰਡ (Board of Elections) ਨਾਲ ਸੰਪਰਕ ਕਰੋ।
- ਜੇ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਸਿਖਲਾਈਪ੍ਰਾਪਤ ਚੋਣ ਪ੍ਰੋਟੈਕਸ਼ਨ ਵਾੱਲੰਟੀਅਰ ਨਾਲ ਗੱਲ ਕਰਨ ਲਈ ਇਲੈਕਸ਼ਨ ਪ੍ਰੋਟੈਕਸ਼ਨ ਹਾੱਟਲਾਈਨ 'ਤੇ ਕਾੱਲ ਕਰੋ ਅਤੇ 866-OUR-VOTE (866-687-8683) 'ਤੇ ਮੁਫ਼ਤ ਕਾਨੂੰਨੀ ਮਦਦ ਲਓ।
- (866) 390-2992 'ਤੇ ਕਾੱਲ ਕਰਕੇ ਨਿਊਯਾਰਕ ਅਟਾੱਰਨੀ ਜਨਰਲ ਨਾਲ ਸ਼ਿਕਾਇਤ ਸਾਂਝੀ ਕਰੋ ਜਾਂ **ag.ny.gov/election-hotline** 'ਤੇ ਜਾਓ।

# ਪਹੁੰਚਯੋਗਤਾ

ਨਿਊਯਾਰਕ ਦੇ ਹਰ ਇੱਕ ਵੋਟਰ ਨੂੰ ਨਿਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਵੋਟ ਪਾਉਣੀ ਨਾਲ ਵੋਟ-ਪਰਚੀ ਦਾ ਹੱਕ ਹੈ। ਜੇ ਤੁਹਾਨੂੰ ਅਸਮਰੱਥਾ (ਅਪੰਗਤਾ) ਜਾਂ ਅੰਗ੍ਰੇਜ਼ੀ ਦੀ ਸੀਮਤ ਮੁਹਾਰਤ ਕਰਕੇ ਆਪਣੀ ਵੋਟ-ਪਰਚੀ ਭਰਨ ਵਿੱਚ ਮਦਦ ਚਾਹੀਦੀ ਹੈ, ਤਾਂ ਮਦਦ ਉਪਲਬਧ ਹੈ।

## ਪਹੁੰਚਯੋਗ ਗੈਰਹਾਜ਼ਰ ਬੈਲਟ

ਜੇ ਤੁਹਾਨੂੰ ਦਿਸਦਾ ਨਹੀਂ ਹੈ ਜਾਂ ਤੁਸੀਂ ਵੋਟ-ਪਰਚੀ 'ਤੇ ਨਿਸ਼ਾਨ ਨਹੀਂ ਲਾ ਸਕਦੇ, ਤਾਂ ਤੁਸੀਂ ਅਜੇ ਵੀ ਡਾਕ ਰਾਹੀਂ ਵੋਟ ਪਾ ਸਕਦੇ ਹੋ। ਤੁਸੀਂ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ, ਜਿਸ ਨੂੰ ਸਕ੍ਰੀਨ ਰੀਡਰ ਰਾਹੀਂ ਜਾਂ ਕੰਪਿਊਟਰ ਦੀ ਵਰਤੋਂ ਭਰਕੇ ਪੜ੍ਹਿਆ ਜਾ ਸਕਦਾ ਹੈ। ਇੱਕ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਵਾਸਤੇ: **nycabsentee.com/accessibility** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲਿਆਂ ਲਈ 866-VOTE-NYC (866-868-3692) ਜਾਂ TTY 212-487-5496 'ਤੇ ਕੱਾਲ ਕਰੋ।

## ਭਾਸ਼ਾ ਅਤੇ ਦੁਭਾਸ਼ੀਆ ਸੇਵਾ

ਸ਼ਹਿਰ ਭਰ ਵਿੱਚ ਕਈ ਵੋਟਾਂ ਪੈਣ ਦੀ ਥਾਂ 'ਤੇ ਦੁਭਾਸ਼ੀਏ ਮਿਲਦੇ ਹਨ। ਤੁਹਾਨੂੰ ਆਪਣੇ ਨਾਲ ਕਿਸੇ ਨੂੰ ਲਿਆਉਣ ਦਾ ਹੱਕ ਹੈ, ਇਸ ਵਿੱਚ ਤੁਹਾਨੂੰ ਤੁਹਾਡੀ ਵੋਟ-ਪਰਚੀ ਬਾਰੇ ਸਮਝਣ ਵਿੱਚ ਮਦਦ ਲਈ ਪਰਿਵਾਰ ਦਾ ਮੈਂਬਰ, ਦੋਸਤ ਜਾਂ ਦੁਭਾਸ਼ੀਏ ਸ਼ਾਮਿਲ ਹੁੰਦਾ ਹੈ।

ਤੁਸੀਂ **punjabi.nycvotes.org/accessibility** 'ਤੇ ਜਾਕੇ ਉਹਨਾਂ ਵੋਟਾਂ ਪੈਣ ਦੀ ਥਾਂ ਬਾਰੇ ਜਾਣ ਸਕਦੇ ਹੋ, ਜਿੱਥੇ ਦੁਭਾਸ਼ੀਏ ਉਪਲਬਧ ਕਰਾਏ ਜਾਂਦੇ ਹਨ। ਤੁਸੀਂ 866-VOTE-NYC (866-868-3692) 'ਤੇ ਵੀ ਕੱਾਲ ਕਰ ਸਕਦੇ ਹੋ।

## ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲ਼ੀ ਡਿਵਾਈਸ

ਵੋਟਰਾਂ ਲਈ ਬਿਹਤਰ ਪਹੁੰਚਯੋਗਤਾ ਮੁਹੱਈਆ ਕਰਾਉਣ ਲਈ ਵੋਟਾਂ ਪੈਣ ਦੀਆਂ ਸਾਰੀਆਂ ਥਾਵਾਂ 'ਤੇ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲੇ ਡਿਵਾਈਸ (BMD) ਉਪਲਬਧ ਹਨ, ਇਹਨਾਂ ਵੋਟਰਾਂ ਵਿੱਚ ਨੇਤਰਹੀਣ, ਜਿਹਨਾਂ ਨੂੰ ਘੱਟ ਨਜ਼ਰ ਆਉਂਦਾ ਹੈ ਜਾਂ ਅਸਮਰੱਥਾ (ਅਪੰਗਤਾ) ਹਨ ਜਾਂ ਅਜਿਹੀ ਸਥਿਤੀ ਹੈ, ਜਿਸ ਕਰਕੇ ਉਹਨਾਂ ਨੂੰ ਪੈਨ ਨਾਲ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਿੱਚ ਮੁਸ਼ਕਿਲ ਜਾਂ ਦਿੱਕਤ ਹੁੰਦੀ ਹੈ, ਸ਼ਾਮਿਲ ਹਨ

ਜੇ ਤੁਸੀਂ BMD ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਸਿਰਫ਼ ਆਪਣੇ ਪੋਲ ਵਰਕਰ ਨੂੰ ਕਹੋ। ਤੁਸੀਂ ਡਿਸਪਲੇ ਸਕ੍ਰੀਨ 'ਤੇ ਵੋਟ-ਪਰਚੀ ਵੇਖਣ ਲਈ ਇਸਦੀ ਵਰਤੋਂ ਕਰ ਸਕਦੇ ਹੋ, ਇਸਨੂੰ ਹੋਰਨਾਂ ਭਾਸ਼ਾਵਾਂ ਵਿੱਚ ਅਨੁਵਾਦ ਕਰ ਸਕਦੇ ਹੋ ਜਾਂ ਹੈਡਫੋਨ ਰਾਹੀਂ ਆਪਣੀ ਪਸੰਦ ਸੁਣ ਸਕਦੇ ਹੋ।

## ਡਿਵਾਈਸ ਤੁਹਾਡੀ ਵੋਟ-ਪਰਚੀ 'ਤੇ ਚਾਰ ਤਰ੍ਹਾਂ ਨਾਲ ਨਿਸ਼ਾਨ ਲਾਉਂਦੀ ਹੈ:


ਟੱਚ ਸਕ੍ਰੀਨ


ਕੀਪੈਡ (ਬ੍ਰੇਲ)


ਸਿਪ ਐਂਡ ਪਫ਼ ਡਿਵਾਈਸ



ਰੱਾਕਰ ਪੈਡਲ

- ਤੁਸੀਂ ਟੈਕਸਟ ਵੱਡੀ ਕਰਨ ਲਈ “ZOOM IN” (“ਜ਼ੂਮ ਇਨ”) ਕਰ ਸਕਦੇ ਹੋ, ਅਤੇ ਟੈਕਸਟ ਨੂੰ ਮੂਲ ਅਕਾਰ ਵਿੱਚ ਵਾਪਸ ਲਿਆਉਣ ਲਈ “ZOOM OUT” (“ਜ਼ੂਮ ਆਉਟ”) ਕਰ ਸਕਦੇ ਹੋ ਜਾਂ ਵੋਟ-ਪਰਚੀ ਨੂੰ ਕਾਲੇ ਪਿਛੋਕੜ 'ਤੇ ਚਿੱਟੀ ਟੈਕਸਟ ਵਿੱਚ ਡਿਸਪਲੇ ਕਰਨ ਲਈ “HIGH CONTRAST” (“ਹਾਈ ਕੰਟ੍ਰਾਸਟ”) ਚੁਣੋ।
- ਤੁਸੀਂ ਹੈਡਫੋਨ 'ਤੇ ਆੱਡੀਓ ਵੀ ਦੁਹਰਾ ਸਕਦੇ ਹੋ ਅਤੇ ਰਫ਼ਤਾਰ ਅਤੇ ਅਵਾਜ਼ ਐਡਜਸਟ ਕਰ ਸਕਦੇ ਹੋ।
- ਯਾਦ ਰੱਖੋ! ਜਦ ਤੱਕ ਤੁਸੀਂ ਨਿਸ਼ਾਨ ਲੱਗੀ ਵੋਟ-ਪਰਚੀ ਸਕੈਨਰ ਵਿੱਚ ਨਹੀਂ ਪਾਉਂਦੇ ਅਤੇ ਆਪਣੀ ਵੋਟ ਪਾ ਦਿੰਦੇ ਹੋ, ਤਾਂ ਤੁਹਾਡੀ ਚੋਣ ਅੰਤਮ ਨਹੀਂ ਮੰਨੀ ਜਾਂਦੀ।
- ਜੇ ਤੁਸੀਂ ਸਕੈਨਰ ਵਿੱਚ ਆਪਣੀ ਵੋਟ-ਪਰਚੀ ਅੰਦਰ ਕਰਨ ਲਈ ਮਦਦ ਚਾਹੁੰਦੇ ਹੋ, ਤਾਂ ਪੋਲ ਵਰਕਰ ਤੁਹਾਡੀ ਮਦਦ ਕਰੇਗਾ।

# ਸੈਂਪਲ ਤਰਜੀਹੀ ਵੋਟ-ਪਰਚੀ

ਸੈਂਪਲ ਵੋਟ-ਪਰਚੀ ਸਿਰਫ਼ ਡਿਸਪਲੇ ਲਈ ਹੈ। ਇਹ ਅਸਲ ਵੋਟ-ਪਰਚੀ ਨਹੀਂ ਹੈ ਅਤੇ ਇਸ ਨੂੰ ਭਰਨ ਨਾਲ ਹੀ ਤੁਹਾਡੀ ਵੋਟ ਨਹੀਂ ਗਿਣੀ ਜਾਏਗੀ।

| Rank up to 5 choices<br>Mark no more than 1 oval in each column<br><br>Clasifique hasta 5 opciones<br>Marque no más de un óvalo en cada columna | | Choice Opción 1st | Choice Opción 2nd | Choice Opción 3rd | Choice Opción 4th | Choice Opción 5th |
|---|---|---|---|---|---|---|
| **Candidate A**<br>Party Name | A | ○ | ○ | ○ | ○ | ○ |
| **Candidate B**<br>Party Name | B | ○ | ○ | ○ | ○ | ○ |
| **Candidate C**<br>Party Name | C | ○ | ○ | ○ | ○ | ○ |
| **Candidate D**<br>Party Name | D | ○ | ○ | ○ | ○ | ○ |
| **Candidate E**<br>Party Name | E | ○ | ○ | ○ | ○ | ○ |
| **Candidate F**<br>Party Name | F | ○ | ○ | ○ | ○ | ○ |
| **Candidate G**<br>Party Name | G | ○ | ○ | ○ | ○ | ○ |
| **Candidate H**<br>Party Name | H | ○ | ○ | ○ | ○ | ○ |
| **Candidate I**<br>Party Name | I | ○ | ○ | ○ | ○ | ○ |
| **Candidate J**<br>Party Name | J | ○ | ○ | ○ | ○ | ○ |
| Write-in<br>candidato por escrito | | ○ | ○ | ○ | ○ | ○ |

## ਮੇਰੀਆਂ ਮੁੱਖ ਤਰਜੀਹਾਂ

ਸਿਟੀ ਕੌਂਸਲ ਲਈ ਆਪਣੀਆਂ ਮੁੱਖ ਤਰਜੀਹਾਂ ਦੀ ਸੂਚੀ ਬਣਾਉਣ ਲਈ ਇਸ ਪੰਨੇ ਦੀ ਵਰਤੋਂ ਕਰੋ। ਤੁਸੀਂ ਆਪਣੀ ਵੋਟ-ਪਰਚੀ ਭਰਨ ਵੇਲੇ ਇਸ ਨੂੰ ਹਵਾਲੇ ਵਜੋਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਿਜਾ ਸਕਦੇ ਹੋ।

### ਸਿਟੀ ਕੌਂਸਲ

| |
|---|
| ਪਹਿਲਾ/ਪਹਿਲੀ (1st) |
| ਦੂਜਾ/ਦੂਜੀ (2nd) |
| ਤੀਜਾ/ਤੀਜੀ (3rd) |
| ਚੌਥਾ/ਚੌਥੀ (4th) |
| ਪੰਜਵਾਂ/ਪੰਜਵੀਂ (5th) |

**ਯਾਦ ਰੱਖੋ! ਤੁਹਾਡੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, 'ਤੇ ਨਿਰਭਰ ਕਰਦਿਆਂ ਤੁਹਾਡੀ ਵੋਟ-ਪਰਚੀ 'ਤੇ ਹੋਰ ਦਫ਼ਤਰ ਹੋ ਸਕਦੇ ਹਨ।**

ਤੁਸੀਂ **findmypollsite.vote.nyc** 'ਤੇ ਚੋਣ ਬੋਰਡ (Board of Elections) ਤੋਂ ਆਪਣੀ ਵੋਟ-ਪਰਚੀ ਦੇ ਸੈਂਪਲ ਦਾ ਜਾਇਜ਼ਾ ਲੈ ਸਕਦੇ ਹੋ।

# ਤਰਜੀਹੀ ਵੋਟਿੰਗ

NYC ਸ਼ਹਿਰੀ ਦਫ਼ਤਰਾਂ ਲਈ ਪ੍ਰਮੁੱਖ ਅਤੇ ਖ਼ਾਸ ਚੋਣਾਂ ਵਿੱਚ **ਤਰਜੀਹੀ ਵੋਟਿੰਗ** ਦੀ ਵਰਤੋਂ ਕਰਦੀ ਹੈ। ਤਰਜੀਹੀ ਵੋਟਿੰਗ ਨਾਲ, ਸਿਰਫ਼ ਇੱਕ ਉਮੀਦਵਾਰ ਨੂੰ ਚੁਣਨ ਦੀ ਥਾਂ, ਤਰਜੀਹੀ ਤਰਤੀਬ ਵਿੱਚ ਤੁਸੀਂ ਪੰਜ ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ। ਇਸ ਨਾਲ ਤੁਸੀਂ ਆਪਣੀ ਗੱਲ ਕਹਿ ਸਕਦੇ ਹੋ ਕਿ ਕੌਣ ਚੁਣਿਆ ਜਾਂਦਾ ਹੈ ਅਤੇ ਹੋਰ ਵੰਨ-ਸੁਵੰਨੇ ਉਮੀਦਵਾਰਾਂ ਦੇ ਜਿੱਤਣ ਦੀ ਰਾਹ ਖੁੱਲ੍ਹ ਸਕਦੀ ਹੈ।

### ਅਸੀਂ ਤਰਜੀਹੀ ਵੋਟਿੰਗ ਦੀ ਵਰਤੋਂ ਕਿਉਂ ਕਰ ਰਹੇ ਹਾਂ?


ਨਿਊਯਾਰਕ ਦੇ ਵਸਨੀਕਾਂ ਨੇ 2019 ਵੋਟ-ਪਰਚੀ ਦੇ ਮੁਲਾਂਕਣ ਵਿੱਚ ਤਰਜੀਹੀ ਵੋਟਿੰਗ ਦੀ ਵਰਤੋਂ ਨੂੰ ਚੁਣਿਆ ਸੀ। ਇਹ 73.5% ਹਿਮਾਇਤ ਨਾਲ ਪਾਸ ਹੋਇਆ ਹੈ।

### ਮੈਂ ਕਿਹੜੇ ਦਫ਼ਤਰਾਂ ਲਈ ਤਰਜੀਹੀ ਵੋਟਿੰਗ ਨਾਲ ਵੋਟ ਪਾਵਾਂਗਾ/ਪਾਵਾਂਗੀ?


ਤੁਸੀਂ ਇਸ ਜੂਨ ਨੂੰ ਸਿਟੀ ਕੌਂਸਲ ਲਈ ਤਰਜੀਹੀ ਵੋਟਿੰਗ ਦੀ ਵਰਤੋਂ ਕਰੋਗੇ। ਹਾਲਾਂਕਿ, ਤੁਹਾਡੀ ਵੋਟ-ਪਰਚੀ 'ਤੇ ਜੱਜਾਂ ਵਾਂਗ ਹੋਰ ਦਫ਼ਤਰ ਹੋਣ ਦੀ ਸੰਭਾਵਨਾ ਹੋਏਗੀ, ਜਿਹਨਾਂ ਵਿੱਚ ਤਰਜੀਹੀ ਵੋਟਿੰਗ ਦੀ ਵਰਤੋਂ ਨਹੀਂ ਕੀਤੀ ਜਾਏਗੀ, ਕਿਉਂਕਿ ਉਹ ਸ਼ਹਿਰੀ ਦਫ਼ਤਰ ਨਹੀਂ ਹਨ।

## ਤਰਜੀਹੀ ਵੋਟਿੰਗ ਨਾਲ ਮੈਂ ਆਪਣੀ ਵੋਟ-ਪਰਚੀ ਕਿਵੇਂ ਭਰ ਸਕਦਾ/ਸਕਦੀ ਹਾਂ?


1. ਆਪਣੀ ਪਹਿਲੀ ਪਸੰਦ ਦਾ ਉਮੀਦਵਾਰ ਚੁਣੋ ਅਤੇ ਪਹਿਲੇ ਕਾੱਲਮ ਹੇਠ ਉਸ ਦੇ ਨਾਂ ਦੇ ਐਨ ਸਾਹਮਣੇ ਅੰਡਾਕਾਰ ਥਾਂ ਭਰੋ।
2. ਜੇ ਤੁਹਾਡਾ ਦੂਜੀ ਪਸੰਦ ਦਾ ਉਮੀਦਵਾਰ ਹੈ, ਤਾਂ 2ਜੇ ਕਾੱਲਮ ਹੇਠ ਉਹਨਾਂ ਦੇ ਨਾਂ ਦੇ ਸਾਹਮਣੇ ਅੰਡਾਕਾਰ ਥਾਂ ਭਰੋ।
3. ਤੁਸੀਂ 5 ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ। ਹਾਲਾਂਕਿ, ਤੁਸੀਂ ਅਜੇ ਵੀ ਸਿਰਫ਼ ਇੱਕ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਤੁਹਾਡੀ ਪਹਿਲੀ ਪਸੰਦ, ਹੋਰਨਾਂ ਉਮੀਦਵਾਰਾਂ ਦੀ ਰੈਂਕਿੰਗ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ।




ਸੈਂਪਲ ਵੋਟ-ਪਰਚੀ 'ਤੇ ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨ ਲਈ **punjabi.nycvotes.org/rcv-ballot** 'ਤੇ ਜਾਓ।




ਕਈ ਉਮੀਦਵਾਰਾਂ ਨੂੰ ਉਹੀ ਰੈਂਕਿੰਗ **ਨਾ** ਦਿਓ। ਜੇ ਤੁਸੀਂ ਆਪਣੀ ਪਹਿਲੀ ਪਸੰਦ ਵਜੋਂ ਇੱਕ ਤੋਂ ਵੱਧ ਉਮੀਦਵਾਰ ਚੁਣਦੇ ਹੋ, ਤਾਂ **ਤੁਹਾਡੀ ਵੋਟ-ਪਰਚੀ ਵੈਧ ਨਹੀਂ ਹੋਏਗੀ**।





ਉਮੀਦਵਾਰ ਨੂੰ ਇੱਕ ਤੋਂ ਵੱਧ ਵਾਰੀ ਰੈਂਕ **ਨਾ** ਦਿਓ। ਜੇ ਤੁਸੀਂ ਇੰਜ ਕਰਦੇ ਹੋ, ਤਾਂ ਉਹਨਾਂ ਲਈ ਸਿਰਫ਼ ਤੁਹਾਡੀ ਮੁੱਖ ਰੈਂਕਿੰਗ ਹੀ ਗਿਣੀ ਜਾਏਗੀ।


# ਤਰਜੀਹੀ ਵੋਟ-ਪਰਚੀ ਦੀ ਗਿਣਤੀ ਕਿਵੇਂ ਕੀਤੀ ਜਾਏਗੀ?

ਤਰਜੀਹੀ ਵੋਟਿੰਗ ਬਾਰੇ ਹੋਰ ਜਾਣਕਾਰੀ ਲਈ, ਤਰਜੀਹੀ ਵੋਟਿੰਗ ਵੇਖਣ ਲਈ ਪੰਨਾ 47 'ਤੇ ਅਕਸਰ ਪੁੱਛੇ ਜਾਣ ਵਾਲੇ ਸੁਆਲ ਵੇਖੋ ਜਾਂ **punjabi.nycvotes.org/rcv** 'ਤੇ ਜਾਓ।


ਜੇ ਕਿਸੇ ਉਮੀਦਵਾਰ ਨੂੰ ਪਹਿਲੀ ਪਸੰਦ ਦੀਆਂ 50% ਤੋਂ ਵੱਧ ਵੋਟਾਂ ਨਹੀਂ ਮਿਲਦੀਆਂ, ਤਾਂ ਫਿਰ ਗਿਣਤੀ ਗੇੜਾਂ ਵਿੱਚ ਜਾਰੀ ਰਹੇਗੀ।





ਜੇ ਉਮੀਦਵਾਰ ਨੂੰ ਪਹਿਲੀ-ਪਸੰਦ ਦੀਆਂ ਵੋਟਾਂ ਦਾ 50% ਤੋਂ ਵੱਧ ਮਿਲਦਾ ਹੈ, ਤਾਂ ਉਹ ਚੋਣ ਜਿੱਤ ਜਾਂਦਾ ਹੈ।




ਹਰ ਗੇੜ ਵਿੱਚ, ਸਭ ਤੋਂ ਘੱਟ ਵੋਟਾਂ ਵਾਲਾ ਉਮੀਦਵਾਰ ਬਾਹਰ ਹੋ ਜਾਂਦਾ ਹੈ। ਜੇ ਤੁਹਾਡੀ ਮੁੱਖ ਪਸੰਦ ਦਾ ਉਮੀਦਵਾਰ ਬਾਹਰ ਹੋ ਜਾਂਦਾ ਹੈ, ਤਾਂ ਤੁਹਾਡੀ ਵੋਟ, ਤੁਹਾਡੀ ਵੋਟ-ਪਰਚੀ 'ਤੇ ਅਗਲੇ ਸਭ ਤੋਂ ਉੱਚੇ ਰੈਂਕ ਵਾਲੇ ਉਮੀਦਵਾਰ ਨੂੰ ਮਿਲ ਜਾਂਦੀ ਹੈ।




ਇਹ ਅਮਲ ਸਿਰਫ਼ 2 ਉਮੀਦਵਾਰ ਰਹਿਣ ਤੱਕ ਜਾਰੀ ਰਹਿੰਦਾ ਹੈ।




**ਸਭ ਤੋਂ ਵੱਧ ਵੋਟਾਂ ਹਾਸਿਲ ਕਰਨ ਵਾਲਾ ਉਮੀਦਵਾਰ ਜਿੱਤਦਾ ਹੈ!**

# ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?

ਸਾਡੇ ਚੁਣੇ ਗਏ ਅਧਿਕਾਰੀ ਹਰ ਰੋਜ਼ ਅਜਿਹੇ ਨਿਰਣੇ ਲੈਂਦੇ ਹਨ, ਜੋ ਨੌਕਰੀਆਂ, ਰਿਹਾਇਸ਼, ਸਿੱਖਿਆ, ਸਿਹਤ ਸੰਭਾਲ, ਅਤੇ ਹੋਰ ਗੱਲਾਂ ਨੂੰ ਪ੍ਰਭਾਵਿਤ ਕਰਦੇ ਹਨ। ਆਪਣੀ ਵੋਟ-ਪਰਚੀ 'ਤੇ ਦਿੱਤੇ ਦਫ਼ਤਰਾਂ ਬਾਰੇ ਹੋਰ ਜਾਣੋ।

**ਆਪਣੀ ਡਿਸਟ੍ਰਿਕਟ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਸਭ ਤੋਂ ਨਵੀਂ ਸੂਚੀ ਵੇਖਣ ਲਈ punjabi.nycvotes.org/candidates** 'ਤੇ ਜਾਓ।

## ਸ਼ਹਿਰੀ ਦਫ਼ਤਰ

### ਸਿਟੀ ਕੌਂਸਲ

ਸਿਟੀ ਕੌਂਸਲ ਨਿਊਯਾਰਕ ਸ਼ਹਿਰ ਦੀ ਸਰਕਾਰ ਦੀ ਵਿਧਾਨਕਾਰੀ ਜਾਂ ਕਾਨੂੰਨ ਘੜਣ ਵਾਲੀ ਬ੍ਰਾਂਚ ਹੈ। ਇਸ ਵਿੱਚ 51 ਮੈਂਬਰ ਹਨ। ਆਮ ਤੌਰ 'ਤੇ ਕੌਂਸਲ ਮੈਂਬਰ 4 ਸਾਲ (ਲਗਾਤਾਰ 2 ਮਿਆਦਾਂ ਤੱਕ) ਲਈ ਸੇਵਾ ਦਿੰਦੇ ਹਨ।

- 2020 ਦੀ ਮਰਦਮਸ਼ੁਮਾਰੀ ਤੋਂ ਬਾਅਦ, ਅਬਾਦੀ ਵਿਚਲੀਆਂ ਤਬਦੀਲੀਆਂ ਦਾ ਤਾਲਮੇਲ ਕਰਨ ਲਈ ਸਿਟੀ ਕੌਂਸਲ ਦੀਆਂ ਡਿਸਟ੍ਰਿਕਟਾਂ ਨੂੰ ਫਿਰ ਤੋਂ ਤਿਆਰ ਕੀਤਾ ਗਿਆ ਸੀ। ਇਸ ਅਮਲ ਕਰਕੇ, ਇਸ ਸਾਲ ਚੁਣੇ ਗਏ ਕੌਂਸਲ ਮੈਂਬਰ ਨਵੀਆਂ ਤਿਆਰ ਕੀਤੀਆਂ ਗਈਆਂ ਡਿਸਟ੍ਰਿਕਟਾਂ ਵਿੱਚ 2-ਸਾਲ ਦੀ ਮਿਆਦ ਲਈ ਸੇਵਾ ਦੇਣਗੇ। 2025 ਵਿੱਚ, 4-ਸਾਲ ਦੀ ਮਿਆਦ ਮੁੜ ਸ਼ੁਰੂ ਹੋਵੇਗੀ।
- ਬਿੱਲ ਪੇਸ਼ ਕਰਦੇ ਹਨ ਅਤੇ ਵੋਟ ਪਾਉਂਦੇ ਹਨ।
- ਸ਼ਹਿਰ ਦੇ ਬਜਟ 'ਤੇ ਗੱਲਬਾਤ ਕਰਦੇ ਹਨ ਅਤੇ ਮੰਜ਼ੂਰੀ ਦਿੰਦੇ ਹਨ।
- ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਸਾਡੇ ਸ਼ਹਿਰ ਦੇ ਵਾਧੇ ਅਤੇ ਵਿਕਾਸ ਬਾਰੇ ਨਿਰਣੇ ਲੈਂਦੇ ਹਨ।
- ਆਪਣੇ ਵੋਟਰਾਂ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ।

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc** 'ਤੇ ਪਤਾ ਲਾਓ।

## ਕਾਉਂਟੀ ਦਫ਼ਤਰ

### ਡਿਸਟ੍ਰਿਕਟ ਅਟਾੱਰਨੀ

ਡਿਸਟ੍ਰਿਕਟ ਅਟਾੱਰਨੀ ਆਪਣੀ ਕਾਉਂਟੀ ਦਾ ਮੁੱਖ ਸਰਕਾਰੀ ਵਕੀਲ ਹੈ। ਉਹ 4 ਸਾਲ ਲਈ ਸੇਵਾ ਦਿੰਦੇ ਹਨ। ਮਿਆਦ ਦੀ ਕੋਈ ਸੀਮਾ ਨਹੀਂ ਹੈ।

- ਫ਼ੈਸਲਾ ਕਰਦੇ ਹਨ ਕਿ ਕਿਹੜੇ ਕੇਸਾਂ ਦਾ ਮੁਕੱਦਮਾ ਚਲਾਇਆ ਜਾਣਾ ਹੈ (ਅਤੇ ਕਿਹੜਿਆਂ ਦਾ ਨਹੀਂ)।
- ਫ਼ੌਜਦਾਰੀ ਦੇ ਸਾਰੇ ਮੁਕੱਦਮਿਆਂ ਦੀ ਨਿਗਰਾਨੀ ਕਰਦੇ ਹਨ।
- ਮੁਜਰਮਾਨਾ ਵਿਹਾਰ ਦੀ ਪੜਤਾਲ ਕਰਨੀ ਅਤੇ ਮੁਕੱਦਮਾ ਚਲਾਉਣਾ।

## ਜੱਜ

### ਸਿਵਿਲ ਅਦਾਲਤ - ਕਾਉਂਟੀ ਅਤੇ ਡਿਸਟ੍ਰਿਕਟ

ਸਿਵਿਲ ਅਦਾਲਤ ਦੇ ਜੱਜ ਕਾਉਂਟੀਆਂ ਜਾਂ ਡਿਸਟ੍ਰਿਕਟ ਦੀ ਨੁਮਾਇੰਦਗੀ ਕਰ ਸਕਦੇ ਹਨ, ਇਸ ਲਈ ਤੁਹਾਨੂੰ ਆਪਣੀ ਵੋਟ-ਪਰਚੀ 'ਤੇ ਸਿਵਿਲ ਅਦਾਲਤ ਦੇ ਇੱਕ ਜੱਜ ਨਾਲੋਂ ਵੱਧ ਜੱਜ ਨਜ਼ਰ ਆ ਸਕਦੇ ਹਨ। ਜੱਜਾਂ ਨੂੰ 10-ਸਾਲ ਦੀ ਮਿਆਦ ਲਈ ਚੁਣਿਆ ਜਾਂਦਾ ਹੈ ਅਤੇ ਉਹਨਾਂ ਵਲੋਂ ਸੁਣੇ ਜਾਣ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- $50,000 ਤੱਕ ਦੇ ਦੀਵਾਨੀ ਮਾਮਲੇ।
- ਮਕਾਨ-ਮਾਲਕ-ਕਿਰਾਏਦਾਰ ਸਬੰਧੀ ਮਾਮਲੇ ਅਤੇ ਰਿਹਾਇਸ਼ ਦੇ ਮਿਆਰਾਂ ਨਾਲ ਜੁੜੇ ਦੇਖਭਾਲ ਕਰਨ ਸਬੰਧੀ ਮਾਮਲੇ।
- ਦੁਰਵਿਹਾਰ ਸਬੰਧੀ ਮੁਜਰਮਾਨਾ ਮੁਕੱਦਮਾ।

## ਪਾਰਟੀ ਦੇ ਅਹੁਦੇ

ਇਹ ਸਰਕਾਰੀ ਅਹੁਦੇ ਨਹੀਂ ਹਨ, ਬਲਕਿ ਸਥਾਨਕ ਸਿਆਸੀ ਪਾਰਟੀਆਂ ਵਿੱਚ ਲੀਡਰਸ਼ਿਪ ਦੀ ਭੂਮਿਕਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਹੇਠਾਂ ਦਿੱਤੇ ਹਰ ਇੱਕ ਦਫ਼ਤਰ ਦੇ ਖ਼ਾਸ ਫ਼ਰਜ਼ ਤੁਹਾਡੀ ਸਿਆਸੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, ਨੂੰ ਵੇਖਦਿਆਂ ਅਲੱਗ ਹੋ ਸਕਦੇ ਹਨ। ਤੁਹਾਡੀ ਪਾਰਟੀ 'ਤੇ ਨਿਰਭਰ ਕਰਦਿਆਂ, ਲਿੰਗ-ਬਰਾਬਰੀ ਨੂੰ ਉਤਸਾਹ ਦੇਣ ਵਿੱਚ ਮਦਦ ਲਈ ਤੁਹਾਡੀ ਵੋਟ-ਪਰਚੀ 'ਤੇ ਦਿੱਤੀਆਂ ਗਈਆਂ ਪਾਰਟੀਆਂ ਵਿੱਚ ਲਿੰਗ ਨੂੰ ਅਧਾਰ ਬਣਾਕੇ ਕਈ ਅਹੁਦੇ ਹੋ ਸਕਦੇ ਹਨ।

### ਅਦਾਲਤੀ ਸਮਾਗਮ ਲਈ ਡੈਲੀਗੇਟ

ਅਦਾਲਤੀ ਸਮਾਗਮ ਦੇ ਡੈਲੀਗੇਟ/ਨੁਮਾਇੰਦੇ ਸਟੇਟ ਦੀ ਸੁਪਰੀਮ ਅਦਾਲਤ ਲਈ ਆਪਣੀ ਪਾਰਟੀ ਦੇ ਨਾਮਜ਼ਦ ਵਿਅਕਤੀਆਂ ਨੂੰ ਚੁਣ ਸਕਦੇ ਹਨ। ਤੁਸੀਂ ਕਿੰਨੇ ਡੈਲੀਗੇਟ/ਨੁਮਾਇੰਦੇ ਲਈ ਵੋਟ ਪਾ ਸਕਦੇ ਹੋ, ਇਸਦਾ ਫ਼ੈਸਲਾ ਤੁਹਾਡੀ ਵਿਧਾਨ ਸਭਾ ਦੀ ਡਿਸਟ੍ਰਿਕਟ ਕਰਦੀ ਹੈ। ਤੁਹਾਡੀ ਵੋਟ-ਪਰਚੀ ਤੁਹਾਨੂੰ ਦੱਸੇਗੀ ਕਿ ਤੁਸੀਂ ਕਿੰਨੇ ਡੈਲੀਗੇਟ/ਨੁਮਾਇੰਦੇ ਚੁਣ ਸਕਦੇ ਹੋ।

- ਉਹ ਆਪਣੀ ਪਾਰਟੀ ਦੇ ਅਦਾਲਤੀ ਸਮਾਗਮ ਵਿੱਚ ਹਿੱਸਾ ਲੈਂਦੇ ਹਨ।
- ਆਮ ਚੋਣਾਂ ਵਿੱਚ ਸਟੇਟ ਸੁਪਰੀਮ ਅਦਾਲਤ ਲਈ ਆਪਣੀ ਪਾਰਟੀ ਦੇ ਨਾਮਜ਼ਦ ਵਿਅਕਤੀ ਦੀ ਚੋਣ ਕਰਦੇ ਹਨ।
- ਸੇਵਾ ਦੇਣ ਦੇ ਅਸਮਰੱਥ ਡੈਲੀਗੇਟ/ਨੁਮਾਇੰਦੇ ਦੇ ਮਾਮਲੇ ਵਿੱਚ ਬਦਲਵੇਂ ਡੈਲੀਗੇਟ ਚੁਣੇ ਜਾਂਦੇ ਹਨ (ਜਿਊਰੀ ਬਾਰੇ ਵਿਕਲਪ ਰਾਹੀਂ)।

### ਸਟੇਟ ਕਮੇਟੀ ਦੇ ਮੈਂਬਰ

ਸਟੇਟ ਕਮੇਟੀ ਦੇ ਮੈਂਬਰ, ਸਟੇਟ ਦੀਆਂ ਸਿਆਸੀ ਪਾਰਟੀਆਂ ਦੇ ਅੰਦਰ ਆਪਣੀ ਵਿਧਾਨ ਸਭਾ ਦੀ ਡਿਸਟ੍ਰਿਕਟ ਦੀ ਨੁਮਾਇੰਦਗੀ ਕਰਦੇ ਹਨ। ਕਮੇਟੀ ਦੇ ਮੈਂਬਰ ਦੋ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

- ਆਪਣੀ ਸਟੇਟ ਪਾਰਟੀ ਦੀ ਕੰਵੈਨਸ਼ਨ ਅਤੇ ਸਲਾਨਾ ਮੀਟਿੰਗਾਂ ਵਿੱਚ ਸ਼ਾਮਿਲ ਹੁੰਦੇ ਹਨ।
- ਆਪਣੇ ਭਾਈਚਾਰੇ, ਸਥਾਨਕ ਤੌਰ 'ਤੇ ਚੁਣੇ ਗਏ ਅਧਿਕਾਰੀ, ਸ਼ਹਿਰੀ ਸਰਕਾਰ, ਅਤੇ ਸਿਆਸੀ ਉਮੀਦਵਾਰਾਂ ਵਿਚਕਾਰ ਤਾਲਮੇਲ ਕਰਨ ਵਜੋਂ ਸੇਵਾ ਦਿੰਦੇ ਹਨ।

### ਕਾਉਂਟੀ ਦੇ ਕਮੇਟੀ ਮੈਂਬਰ

ਕਮੇਟੀ ਦੇ ਮੈਂਬਰ ਆਪਣੀ ਸਿਆਸੀ ਪਾਰਟੀ ਅਤੇ ਸਟੇਟ ਦੀਆਂ ਖ਼ਾਸ ਚੋਣਾਂ ਲਈ ਆਪਣੀ ਪਾਰਟੀ ਦੇ ਉਮੀਦਵਾਰਾਂ ਲਈ ਕਾਉਂਟੀ ਲੀਡਰ ਚੁਣਦੇ ਹਨ।

- ਸਟੇਟ ਦੀਆਂ ਖ਼ਾਸ ਚੋਣਾਂ ਲਈ ਆਪਣੀ ਪਾਰਟੀ ਦੇ ਉਮੀਦਵਾਰ ਚੁਣਦੇ ਹਨ।
- ਆਪਣੀ ਸਿਆਸੀ ਪਾਰਟੀ ਲਈ ਕਾਉਂਟੀ ਦੇ ਆਗੂਆਂ ਵਾਸਤੇ ਵੋਟ ਪਾਉਂਦੇ ਹਨ।
- ਕਾਉਂਟੀ ਦੀ ਪਾਰਟੀ ਦੇ ਬਜਟ ਅਤੇ ਹੋਰ ਅੰਦਰੂਨੀ ਪਾੱਲਿਸੀਆਂ ਨੂੰ ਮੰਜ਼ੂਰੀ ਦਿੰਦੇ ਹਨ।

### ਡਿਸਟ੍ਰਿਕਟ ਲੀਡਰ


ਹਰ ਕਾਉਂਟੀ ਵਿੱਚ ਸਿਆਸੀ ਪਾਰਟੀਆਂ ਚਲਾਉਣ ਲਈ ਡਿਸਟ੍ਰਿਕਟ ਲੀਡਰ ਮਦਦ ਕਰਦੇ ਹਨ। ਡਿਸਟ੍ਰਿਕਟ ਆਗੂ ਦੋ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

- ਪੋਲ ਵਰਕਰਾਂ ਨੂੰ ਨਾਮਜ਼ਦ ਕਰਨ ਲਈ ਸ਼ਹਿਰੀ ਚੋਣ ਬੋਰਡ (Board of Elections) ਨਾਲ ਕੰਮ ਕਰਦੇ ਹਨ।
- ਸਿਵਿਲ ਅਤੇ ਸੁਪਰੀਮ ਅਦਾਲਤ ਵਿੱਚ ਜੱਜ ਦੇ ਅਹੁਦਿਆਂ ਲਈ ਉਮੀਦਵਾਰਾਂ ਨੂੰ ਨਾਮਜ਼ਦ ਕਰਦੇ ਹਨ।
- ਆਪਣੀ ਪਾਰਟੀ ਦੀ ਲੀਡਰਸ਼ਿਪ ਅਤੇ ਨੇਮਾਂ ਲਈ ਵੋਟ ਪਾਉਂਦੇ ਹਨ।

## ਨਿਊਯਾਰਕ ਸਿਟੀ ਕੌਂਸਲ ਦਾ ਨਕਸ਼ਾ

- NYC ਵਿੱਚ 51 ਸਿਟੀ ਕੌਂਸਲ ਡਿਸਟ੍ਰਿਕਟ ਹਨ
- ਹਰੇਕ ਡਿਸਟ੍ਰਿਕਟ ਵਿੱਚ ~170,000 ਵੋਟਰ ਰਹਿੰਦੇ ਹਨ
- ਸਿਟੀ ਕੌਂਸਲ NYC ਦੇ ~$100 ਅਰਬ ਦੇ ਬਜਟ ਨੂੰ ਮੰਜ਼ੂਰੀ ਦਿੰਦੀ ਹੈ

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਾਓ।**




## ਸਿਟੀ ਕੌਂਸਲ ਮੈਂਬਰ ਮੈਂਬਰ ਦੀ ਜ਼ਿੰਦਗੀ ਦਾ ਇੱਕ ਦਿਨ

### ਸਿਟੀ ਕੌਂਸਲ ਮੈਂਬਰ ਤੁਹਾਡੇ ਲਈ ਕੀ ਕਰਦੇ ਹਨ?

- ਰਿਹਾਇਸ਼, ਸਿਹਤ ਸੰਭਾਲ, ਸਿੱਖਿਆ, ਜਨਤਕ ਸੁਰੱਖਿਆ, ਅਤੇ ਹੋਰ ਬਹੁਤ ਸਾਰੇ ਮੁੱਦਿਆਂ 'ਤੇ ਬਿੱਲਾਂ ਦਾ ਖਰੜਾ ਤਿਆਰ ਕਰਦੇ ਹਨ ਅਤੇ ਵੋਟ ਪਾਉਂਦੇ ਹਨ। ਕੌਂਸਲ ਮੈਂਬਰ ਬੁਜ਼ੁਰਗਾਂ ਤੋਂ ਲੈ ਕੇ ਨੌਜਵਾਨ ਬਾਰੇ ਸੇਵਾਵਾਂ ਦੇ ਮੁੱਦਿਆਂ ਸਬੰਧੀ ਕਮੇਟੀਆਂ ਵਿੱਚ ਵੀ ਸ਼ਾਮਲ ਹੋ ਸਕਦੇ ਹਨ।
- ਸ਼ਹਿਰ ਦਾ ~$100 ਅਰਬ ਦਾ ਬਜਟ ਤਿਆਰ ਕਰਨ ਅਤੇ ਮੰਜ਼ੂਰੀ ਦੇਣ ਲਈ ਮੇਅਰ ਨਾਲ ਕੰਮ ਕਰਦੇ ਹਨ। ਹਰੇਕ ਕੌਂਸਲ ਮੈਂਬਰ ਆਪਣੇ ਡਿਸਟ੍ਰਿਕਟ ਵਿੱਚ ਸਕੂਲ ਬਣਾਉਣ ਅਤੇ ਸੁਧਾਰ ਕਰਨ ਲਈ $5 ਮਿਲੀਅਨ ਦੇ ਬਜਟ ਦਾ ਪ੍ਰਬੰਧ ਕਰਦੇ ਹਨ, ਅਤੇ ਗੈਰ-ਲਾਭਕਾਰੀ ਸੰਸਥਾਵਾਂ ਦੀ ਸਹਾਇਤਾ ਵਾਸਤੇ ~$500,000 ਦੇ ਵਾਧੂ ਬਜਟ ਦਾ ਪ੍ਰਬੰਧ ਵੀ ਕਰਦੇ ਹਨ।
- ਨਿਊਯਾਰਕ ਸ਼ਹਿਰ ਪੁਲਿਸ ਵਿਭਾਗ ਅਤੇ ਨਿਊਯਾਰਕ ਸ਼ਹਿਰ ਸਿੱਖਿਆ ਵਿਭਾਗ ਸਮੇਤ ਨਿਊਯਾਰਕ ਵਾਸੀਆਂ ਦੀ ਸੇਵਾ ਕਰਨ ਵਾਲੀਆਂ ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਪੂਰੇ ਸ਼ਹਿਰ ਵਿੱਚ ਇਮਾਰਤ ਅਤੇ ਜ਼ਮੀਨ ਦੀ ਵਰਤੋਂ ਦਾ ਪਤਾ ਲਾਉਂਦੇ ਹਨ, ਜਿਸ ਵਿੱਚ ਸੰਪਤੀ ਦੇ ਮਾਲਕਾਂ ਲਈ ਜ਼ੋਨਿੰਗ ਦੀ ਨਿਗਰਾਨੀ ਕਰਨਾ, ਲੈਂਡਮਾਰਕਾਂ ਨੂੰ ਸੁਰੱਖਿਅਤ ਕਰਨਾ, ਅਤੇ ਸ਼ਹਿਰ ਦੀ ਜ਼ਮੀਨ ਅਤੇ ਜਨਤਕ ਸਹੂਲਤਾਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ।
- ਤੁਹਾਡੇ ਜਿਹੇ ਵੋਟਰਾਂ ਦੀ ਸਹਾਇਤਾ ਕਰਦੇ ਹਨ। ਕੌਂਸਲ ਮੈਂਬਰ ਅਤੇ ਉਨ੍ਹਾਂ ਦੇ ਦਫ਼ਤਰ ਟੈਕਸ ਦੀ ਤਿਆਰੀ, ਕਿਫਾਇਤੀ ਰਿਹਾਇਸ਼, ਰੁੱਖ ਲਗਾਉਣ, ਗੰਦੇ ਫੁੱਟਪਾਥ, ਟੋਇਆਂ, ਪੈਦਲ ਯਾਤਰੀਆਂ ਦੀ ਸੁਰੱਖਿਆ ਅਤੇ ਹੋਰ ਬਹੁਤ ਸਾਰੇ ਮੁੱਦਿਆਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਆਪਣੇ ਕੌਂਸਲ ਮੈਂਬਰ ਨਾਲ ਸੰਪਰਕ ਕਰੋ!

# ਸਿਟੀ ਕੌਂਸਲ ਡਿਸਟ੍ਰਿਕਟ 33 ਵਿੱਚ ਪ੍ਰਮੁੱਖ ਚੋਣਾਂ ਨਹੀਂ ਹਨ।

**ਪ੍ਰਮੁੱਖ ਚੋਣਾਂ ਉਦੋਂ ਹੀ ਹੁੰਦੀਆਂ ਹਨ, ਜਦੋਂ ਉਹਨਾਂ ਦੀ ਪਾਰਟੀ ਦੀ ਨਾਮਜ਼ਦਗੀ ਲਈ ਇੱਕ ਤੋਂ ਵੱਧ ਉਮੀਦਵਾਰ ਚੋਣ ਲੜਦੇ ਹਨ। ਹਾਲਾਂਕਿ, ਨਵੰਬਰ ਵਿੱਚ ਸਿਟੀ ਕੌਂਸਲ ਡਿਸਟ੍ਰਿਕਟ ਲਈ ਆਮ ਚੋਣਾਂ ਕਰਾਈਆਂ ਜਾਣਗੀਆਂ।**

## ਚੋਣ ਅਲਰਟ ਹਾਸਿਲ ਕਰਨੇ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ।

ਇੱਥੇ ਸਕੈਨ ਕਰੋ ਜਾਂ **punjabi.nycvotes.org/compare** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 34

**ਲੋਕਰਾਜੀ**

- ਜੈਨੀਫ਼ਰ ਗੁਤੀਆਰੇਜ਼ ✓
- ਪੇਪਰਬੌਇ L ਪ੍ਰਿੰਸ*
- ਐਂਜਲ ਸਾਂਤੀਆਗੋ*

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।



## ਜੈਨੀਫ਼ਰ ਗੁਤੀਆਰੇਜ਼ ✓

ਲੋਕਰਾਜੀ

**ਮੁੱਖ 3 ਮਸਲੇ:**

1. ਯੂਨੀਵਰਸਲ ਚਾਈਲਡ ਕੇਅਰ
2. ਕਿਰਾਏਦਾਰ ਦੀਆਂ ਸੁਰੱਖਿਆਵਾਂ ਨੂੰ ਮਜ਼ਬੂਤ ਅਤੇ ਵਿਸਤਾਰ ਕਰਨਾ
3. ਵਾਤਾਵਰਣਕ ਨਿਆਂ

*"ਜੈਨੀਫ਼ਰ ਗੁਤੀਆਰੇਜ਼ ਆੱਰਗਨਾਈਜ਼ਰ, ਕਾਰਕੁਨ ਅਤੇ ਸਾਥੀ ਹੈ। ਇੱਕ ਦਹਾਕੇ ਤੋਂ, ਜੈਨੀਫ਼ਰ ਗੁਤੀਆਰੇਜ਼ ਪ੍ਰਭਾਵਿਤ ਪਰਿਵਾਰਾਂ ਦੇ ਮਸਲਿਆਂ ਵਿੱਚ ਸ਼ਾਮਿਲ ਰਹੇ ਹਨ, ਜਿਹਨਾਂ ਦੀ ਉਹ ਹੁਣ ਨੁਮਾਇੰਦਗੀ ਕਰ ਰਹੇ ਹਨ। ਜੈਨੀਫ਼ਰ ਗੁਤੀਆਰੇਜ਼ ਦੀ ਕੋਲੰਬੀਅਨ ਪ੍ਰਵਾਸੀਆਂ ਤੋਂ ਕੁਈਨਸ ਵਿੱਚ ਪਾਦਾਇਸ਼ ਅਤੇ ਪਰਵਰਿਸ਼ ਹੋਈ ਹੈ, ਜੈਨੀਫ਼ਰ ਇੱਕ ਕਮਰੇ ਵਾਲੇ ਬੈਡਰੂਮ ਵਿੱਚ ਵੱਡੀ ਹੋਈ ਸੀ ਅਤੇ ਪਬਲਿਕ ਸਕੂਲਾਂ ਵਿੱਚ ਪੜ੍ਹਾਈ ਕੀਤੀ ਸੀ। ਉਹ ਛੋਟੀ ਉਮਰ ਤੋਂ ਹੀ, ਜਦੋਂ ਉਹਨਾਂ ਦੇ ਪਿਤਾ ਅਸਮਰੱਥ ਹੋ ਗਏ ਸੀ, ਤੋਂ ਹਿਮਾਇਤੀ ਰਹੀ ਹੈ ਅਤੇ ਬੀਮਾ ਕੰਪਨੀਆਂ ਨਾਲ ਮੁਕਾਬਲਾ ਕੀਤਾ ਸੀ ਅਤੇ ਆਪਣੀ ਮਾਂ ਨਾਲ ਜਾਕੇ ਸਫ਼ਾਈ ਦੇ ਕੰਮਾਂ ਬਾਰੇ ਉਹਨਾਂ ਦੀਆਂ ਉਜਰਤਾਂ ਬਾਰੇ ਦੱਸਦੀ ਅਤੇ ਗੱਲਬਾਤ ਕਰਦੀ ਸੀ। ਆਪਣੇ ਦਫ਼ਤਰ ਦੇ ਸਮੇਂ ਵਿੱਚ ਉਹਨਾਂ ਨੇ ਕਿਫ਼ਾਇਤੀ ਰਿਹਾਇਸ਼ ਲਈ ਸੰਘਰਸ਼ ਕੀਤਾ, ਸਕੂਲਾਂ ਅਤੇ ਡੇਅਕੇਅਰਾਂ ਨੂੰ ਰਕਮਾਂ ਦਿੱਤੇ ਜਾਣ ਲਈ ਬ੍ਰੌਡਬੈਂਡ ਇਕੁਇਟੀ ਅਤੇ ਪਹੁੰਚ ਅਤੇ ਸਮਾਜਕ ਸੇਵਾ ਦੇ ਬਜਟ ਵਿੱਚ ਕਟੌਤੀ ਕੀਤੇ ਜਾਣ ਖ਼ਿਲਾਫ਼ ਲੜਾਈ ਲੜੀ ਹੈ, ਜਿਸਦੀ ਸਾਡੇ ਭਾਈਚਾਰਿਆਂ ਨੂੰ ਸਖ਼ਤ ਜ਼ਰੂਰਤ ਹੈ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਚੀਫ਼ ਆੱਫ਼ ਸਟਾਫ਼

**ਪੜ੍ਹਾਈ:** ਅਲਬੈਨੀ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਜੈਨੀਫ਼ਰ ਗੁਤੀਆਰੇਜ਼** ✓<br>ਲੋਕਰਾਜੀ | **ਪੇਪਰਬੌਇ L ਪ੍ਰਿੰਸ** *<br>ਲੋਕਰਾਜੀ | **ਐਂਜਲ ਸਾਂਤੀਆਗੋ** *<br>ਲੋਕਰਾਜੀ |
|---|---|---|---|
| **ਅਪਰਾਧ** | ਸਾਨੂੰ ਆਪਣੇ ਬੱਚਿਆਂ ਦੇ ਹੱਥਾਂ ਵਿੱਚੋਂ ਬੰਦੂਕਾਂ ਖੋਹਣ 'ਤੇ ਧਿਆਨ ਦੇਣ, ਅਤੇ ਕਮਿਊਨਿਟੀ ਸਰੋਤਾਂ ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਕਿ ਇਹ ਕੰਮ ਕਰਦੇ ਹਨ, ਲਈ ਫੰਡ ਵਧਾਉਣ ਦੀ ਲੋੜ ਹੈ: ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਰੋਕਣ ਨਾਲ ਸੰਬੰਧਤ ਸੇਵਾਵਾਂ, ਸਨਮਾਨਜਨਕ ਰਿਹਾਇਸ਼ ਅਤੇ ਸਕੂਲਾਂ ਵਿੱਚ ਹਿੰਸਾ ਦੀ ਰੋਕਥਾਮ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਮਹਿੰਗਾਈ** | ਹਰ ਰੋਜ਼ ਨਿਊ ਯਾਰਕ ਵਾਸੀ ਸਾਡੇ ਸ਼ਹਿਰ ਵਿੱਚ ਜੀਵਨ ਨਿਰਬਾਹ ਕਰਨ ਲਈ ਸੰਘਰਸ਼ ਕਰ ਰਹੇ ਹਨ; ਕਿਰਾਇਆ ਅਸਮਾਨ ਨੂੰ ਛੂਹ ਗਿਆ ਹੈ ਅਤੇ ਦੁੱਧ ਅਤੇ ਅੰਡਿਆਂ ਦੀ ਕੀਮਤ ਸਭ ਤੋਂ ਉੱਚੇ ਪੱਧਰ 'ਤੇ ਹੈ। ਇਸ ਸਮੇਂ, ਸਾਨੂੰ ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਮਜ਼ਬੂਤ ਸਮਾਜਕ ਸੇਵਾ ਵਿੱਚ ਸਰਕਾਰੀ ਨਿਵੇਸ਼ 'ਤੇ ਧਿਆਨ ਦੇਣ ਦੀ ਲੋੜ ਹੈ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਲੋਕਰਾਜ ਦੀ ਰਾਖੀ ਕਰਨਾ** | ਮੈਂ ਲੰਬੇ ਸਮੇਂ ਤੋਂ ਮਾਈ ਸਿਟੀ ਮਾਈ ਵੋਟ ਦੀ ਵਕਾਲਤ ਕੀਤੀ ਹੈ, ਅਤੇ ਵਿਸ਼ਵਾਸ ਕਰਦੀ ਹਾਂ ਕਿ ਹਰ ਨਿਊ ਯਾਰਕ ਵਾਸੀ, ਇਮੀਗ੍ਰੇਸ਼ਨ ਸਥਿਤੀ ਦੇ ਸੰਦਰਭ ਬਿਨਾਂ, ਸਾਡੇ ਸ਼ਹਿਰ ਵਿੱਚ ਆਪਣੀ ਵੋਟ ਪਾਉਣ ਦੇ ਯੋਗ ਹੋਣਾ ਚਾਹੀਦਾ ਹੈ। ਮੈਂ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਨੂੰ ਲਾਗੂ ਕੀਤੇ ਜਾਣ ਲਈ ਰਾਜ 'ਤੇ ਦਬਾਅ ਪਾਉਣਾ ਜਾਰੀ ਰੱਖਾਂਗੀ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਸਿਟੀ ਕੌਂਸਲ ਡਿਸਟ੍ਰਿਕਟ 35, 36, ਅਤੇ 37 ਵਿੱਚ ਪ੍ਰਮੁੱਖ ਚੋਣਾਂ ਨਹੀਂ ਹਨ।

**ਪ੍ਰਮੁੱਖ ਚੋਣਾਂ ਉਦੋਂ ਹੀ ਹੁੰਦੀਆਂ ਹਨ, ਜਦੋਂ ਉਹਨਾਂ ਦੀ ਪਾਰਟੀ ਦੀ ਨਾਮਜ਼ਦਗੀ ਲਈ ਇੱਕ ਤੋਂ ਵੱਧ ਉਮੀਦਵਾਰ ਚੋਣ ਲੜਦੇ ਹਨ। ਹਾਲਾਂਕਿ, ਨਵੰਬਰ ਵਿੱਚ ਸਿਟੀ ਕੌਂਸਲ ਡਿਸਟ੍ਰਿਕਟ ਲਈ ਆਮ ਚੋਣਾਂ ਕਰਾਈਆਂ ਜਾਣਗੀਆਂ।**

## ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ? ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ punjabi.nycvotes.org/plan-your-ballot 'ਤੇ ਜਾਓ**

# ਫ਼ਾੱਲੋ ਕਰੋ NYC Votes

ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ਾੱਲੋ ਕਰ ਸਕਦੇ ਹੋ

**@nycvotes**

# ਚੋਣ ਅਲਰਟ ਹਾਸਿਲ ਕਰੋ

ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।

ਇੱਥੇ ਸਕੈਨ ਕਰੋ ਜਾਂ **punjabi.nycvotes.org/stay-informed** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 38, 39, ਅਤੇ 40 ਵਿੱਚ ਪ੍ਰਮੁੱਖ ਚੋਣਾਂ ਨਹੀਂ ਹਨ

**ਪ੍ਰਮੁੱਖ ਚੋਣਾਂ ਉਦੋਂ ਹੀ ਹੁੰਦੀਆਂ ਹਨ, ਜਦੋਂ ਉਹਨਾਂ ਦੀ ਪਾਰਟੀ ਦੀ ਨਾਮਜ਼ਦਗੀ ਲਈ ਇੱਕ ਤੋਂ ਵੱਧ ਉਮੀਦਵਾਰ ਚੋਣ ਲੜਦੇ ਹਨ। ਹਾਲਾਂਕਿ, ਨਵੰਬਰ ਵਿੱਚ ਸਿਟੀ ਕੌਂਸਲ ਡਿਸਟ੍ਰਿਕਟ ਲਈ ਆਮ ਚੋਣਾਂ ਕਰਾਈਆਂ ਜਾਣਗੀਆਂ।**

## ਉਮੀਦਵਾਰ ਦੇ ਵੀਡੀਓ ਵੇਖੋ

ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।

**ਇੱਥੇ ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 41

**ਲੋਕਰਾਜੀ**

- ਰੈਜੀਨਾਲਡ ਬੋਅਮੈਨ ✓
- ਇਸਿਸ ਮੈਕਿਨਤੋਸ਼ ਗ੍ਰੀਨ* ✓
- ਡਾਰਲਿਨ ਮੀਲੀ ✓
- ਜਾੱਇਸ D ਸ਼ੀਰੀਨ

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।

---



## ਰੈਜੀਨਾਲਡ ਬੋਅਮੈਨ ✓

ਲੋਕਰਾਜੀ

**ਮੁੱਖ 3 ਮਸਲੇ:**

1. ਹਾਊਸਿੰਗ ਬੁਨਿਆਦੀ ਢਾਂਚਾ ਅਤੇ ਆਧੁਨਿਕੀਕਰਨ
2. ਸੀਨੀਅਰ ਸਿਹਤ ਸੰਭਾਲ ਅਤੇ ਮਨੁੱਖੀ ਸੇਵਾਵਾਂ
3. ਯੁਵਾ ਸਿੱਖਿਆ ਅਤੇ ਸਕੂਲ ਦੀ ਚੋਣ

*"ਰੈਜੀਨਾਲਡ ਬੋਅਮੈਨ, ਬ੍ਰਾਊਨਸਵਿਲੇ ਦੇ ਸੇਠ ਲੋਅ ਹਾਊਸਿਜ਼ ਦੇ ਸਭ ਤੋਂ ਨਾਮਵਰ ਮੈਂਬਰ ਹਨ, ਜੋ 1995 ਤੋਂ NYCHA ਸਿਟੀਵਾਈਡ ਕੌਂਸਲ ਆੱਫ਼ ਪ੍ਰੈਜ਼ੀਡੈਂਟਸ (CCOP) ਦੇ ਸੀਨੀਅਰ ਮੈਂਬਰ ਹਨ ਸ੍ਰੀ ਬੋਅਮੈਨ CCOP ਬਰੁਕਲਿਨ ਈਸਟ ਡਿਸਟ੍ਰਿਕਟ ਦੇ ਪ੍ਰਧਾਨ ਅਤੇ ਸੇਠ ਲੋਅ ਹਾਊਸਿਜ਼ ਰੈਜ਼ੀਡੈਂਟ ਐਸੋਸੀਏਸ਼ਨ ਦੇ ਪ੍ਰਧਾਨ ਹਨ ਈਸਟ ਨਿਊਯਾਰਕ ਵਿੱਚ ਰੈਮੇਡੀਅਰ ਹਾਊਸਿਜ਼, 260-ਯੂਨਿਟ ਸੈਕਸ਼ਨ 8-ਪ੍ਰੋਜੈਕਟ-ਅਧਾਰਿਤ ਰੈਂਟਲ ਅਸਿਸਟੈਂਸ ਪ੍ਰੋਗਰਾਮ ਡਿਵੈਲਪਮੈਂਟ ਦੇ ਸਾਬਕਾ ਪ੍ਰਧਾਨ ਹਨ। ਸ੍ਰੀ ਬੋਅਮੈਨ 2007–2015 ਤੱਕ 3 ਮਿਆਦ ਲਈ CCOP ਦੇ ਪ੍ਰਧਾਨ ਚੁਣੇ ਗਏ ਸੀ। ਉਹਨਾਂ ਨੇ ਮੈਂਬਰ ਆੱਫ਼ ਭਾਈਚਾਰੇ ਸਬੰਧੀ ਬੋਰਡ 16 ਵਜੋਂ ਅਤੇ ਕਮਿਊਨਿਟੀ ਸਕੂਲ ਬੋਰਡ 23 ਦੇ ਪ੍ਰਧਾਨ ਵਜੋਂ ਸੇਵਾ ਦਿੱਤੀ ਸੀ।"*

**ਮੌਜੂਦਾ ਕੰਮ-ਧੰਦਾ:** ਪ੍ਰੈਜ਼ੀਡੈਂਟਸ ਬਰੁਕਲਿਨ ਈਸਟ ਡਿਸਟ੍ਰਿਕਟ ਦੀ NYCHA ਬਰੁਕਲਿਨ ਈਸਟ ਕੌਂਸਲ ਦੇ ਪ੍ਰਧਾਨ

**ਪਿਛਲਾ ਕੰਮ-ਧੰਦਾ:** ਲਾਗੂ ਨਹੀਂ

**ਪੜ੍ਹਾਈ:** ਲਾਗੂ ਨਹੀਂ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਮੈਂਬਰ, ਭਾਈਚਾਰੇ ਸਬੰਧੀ ਬੋਰਡ 16; ਓਸ਼ੀਅਨ ਹਿੱਲ-ਬ੍ਰਾਉਨਸਵਿਲੇ ਵਿੱਚ ਕਮਿਊਨਿਟੀ ਸਕੂਲ ਬੋਰਡ 23 ਦੇ ਪ੍ਰਧਾਨ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਡਾਰਲਿਨ ਮੀਲੀ ✓

ਲੋਕਰਾਜੀ

**ਮੁੱਖ 3 ਮਸਲੇ:**

1. ਭੋਜਨ ਅਸੁਰੱਖਿਆ
2. ਅਪਰਾਧ
3. ਕਿਫ਼ਾਇਤੀ ਰਿਹਾਇਸ਼ & ਛੋਟੇ ਕਾਰੋਬਾਰ

*"ਮੈਨੂੰ 41ਵੀਂ ਕੌਂਸਲ ਡਿਸਟ੍ਰਿਕਟ ਦੇ ਨੌਜੁਆਨਾਂ, ਬਾਲਗ਼ਾਂ ਅਤੇ ਸੀਨੀਅਰ ਵਸਨੀਕਾਂ ਦੀ ਜ਼ਿੰਦਗੀ ਵਿੱਚ ਉਸਾਰੂ ਤਬਦੀਲੀ ਲਿਆਉਣ ਵਿੱਚ ਅਗਾਊਂ ਹੋਣ ਦੇ ਜਾਂਚੇ-ਪਰਖੇ ਨਤੀਜਿਆਂ ਨਾਲ ਮੈਨੂੰ ਸਰਕਾਰੀ ਦਫ਼ਤਰ ਦਾ 12 ਸਾਲ ਤੋਂ ਵੱਧ ਦਾ ਅਨੁਭਵ ਹੈ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਨਿਊਯਾਰਕ ਸਿਟੀ ਟ੍ਰਾਂਜ਼ਿਟ ਅਥਾੱਰਿਟੀ, DC 37

**ਪੜ੍ਹਾਈ:** ਜਾੱਰਜ W. ਵਿਨਗੇਟ, ਹਾਈ ਸਕੂਲ, ਮੈਨਹੱਟਨ ਕਮਿਉਨਿਟੀ ਕਾੱਲਿਜ, ਬਰੋ, ਕੌਰਨੈਲ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਬਰੁਕਲਿਨ ਡੈਮੋਕ੍ਰੈਟਿਕ ਪਾਰਟੀ ਐਗਜ਼ੀਕਿਉਟਿਵ ਕਮੇਟੀ, ਨਿਊ ਗ੍ਰਾਸਰੂਟਸ ਡੈਮੋਕ੍ਰੈਟਿਕ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** ਨਿਊਯਾਰਕ ਸਿਟੀ ਕੌਂਸਲ ਮੈਂਬਰ 41ਵੀ ਡਿਸਟ੍ਰਿਕਟ, 3 ਮਿਆਦਾਂ, ਨਿਊਯਾਰਕ ਸਟੇਟ-ਸਟੇਟ ਕਮੇਟੀਵੁਮੈਨ ਅਤੇ ਔਰਤ ਡਿਸਟ੍ਰਿਕਟ ਲੀਡਰ, 55ਵੀਂ ਵਿਧਾਨ-ਸਭਾ ਡਿਸਟ੍ਰਿਕਟ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

---



## ਜਾੱਇਸ D ਸ਼ੀਰੀਨ

ਲੋਕਰਾਜੀ

**ਮੁੱਖ 3 ਮਸਲੇ:**

1. ਚੰਗੀਆਂ ਨੀਤੀਆਂ ਨੂੰ ਆਕਾਰ ਦੇਣ 'ਤੇ ਕੰਮ ਕਰੋ
2. ਮੇਰੇ ਖੇਤਰ ਦਾ ਸੁੰਦਰੀਕਰਨ
3. ਇੱਕ ਬਿਹਤਰ ਅਮਰੀਕਾ ਲਈ ਆਵਾਜ਼

*"ਮੈਨੂੰ ਉਮੀਦ ਹੈ ਕਿ ਮੈਂ ਐਕਸਟ੍ਰਾ ਐਕਟ੍ਰੈਸ ਡਿਜ਼ਾਈਨਰ ਇੰਵੈਂਟਰ ਦੀ ਬਿਹਤਰ ਅਮਰੀਕੀ ਅਵਾਜ਼ ਬਣਨ ਲਈ ਤੁਹਾਡੀ ਪਸੰਦ ਹਾਂ।"*

**ਮੌਜੂਦਾ ਕੰਮ-ਧੰਦਾ:** ਅਨੁਭਵੀ ਲੇਖਕ

**ਪਿਛਲਾ ਕੰਮ-ਧੰਦਾ:** ਕਲਰਕ ਪੋਲ ਵਰਕਰ

**ਸਿੱਖਿਆ:** ਕਾਨੂੰਨੀ/ਮੈਡੀਕਲ/ਰੀਅਲਸਟੇਟ ਸੇਲਜ਼ਪਰਸਨ ਗ੍ਰੈਜੂਏਟ

**ਸੰਸਥਾਗਤ ਸਬੰਧ:** Naacp

**ਪਹਿਲਾਂ ਦਾ ਸਰਕਾਰੀ ਅਨੁਭਵ:** ਸਰਕਾਰੀ ਵਰਕਰ ਫ਼ੌਜੀ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਰੈਜੀਨਾਲਡ ਬੋਆਮੈਨ** ✓<br>ਲੋਕਰਾਜੀ | **ਇਸਿਸ ਮੈਕਿਨਤੋਸ਼ ਗ੍ਰੀਨ*** ✓<br>ਲੋਕਰਾਜੀ |
|---|---|---|
| **ਅਪਰਾਧ** | ਨਿਊਯਾਰਕ ਸ਼ਹਿਰ ਵਿੱਚ ਅਪਰਾਧ, | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਮਹਿੰਗਾਈ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਲੋਕਰਾਜ ਦੀ ਰਾਖੀ ਕਰਨਾ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

| ## ਡਾਰਲਿਨ ਮੀਲੀ ✓<br>ਲੋਕਰਾਜੀ | ## ਜਾੱਇਸ D ਸ਼ੀਰੀਨ<br>ਲੋਕਰਾਜੀ |
|---|---|
| ਮੀਲੀ ਲੋਕਾਂ ਲਈ 41ਵੀਂ ਕਾਉਂਸਿਲ ਡਿਸਟ੍ਰਿਕਟ ਵਿੱਚ ਅਪਰਾਧ ਦੇ ਪੱਧਰ ਨੂੰ ਹਰ ਸਮੇਂ ਦੇ ਹੇਠਲੇ ਪੱਧਰ 'ਤੇ ਲਿਆਉਣ ਵਿੱਚ ਸਹਾਇਤਾ ਕਰਨ ਲਈ ਸੰਕਟ ਪ੍ਰਬੰਧਨ ਸੰਸਥਾਵਾਂ, ਮਾਨਸਿਕ ਸਿਹਤ ਪਹਿਲਕਦਮੀਆਂ ਅਤੇ ਮੁੜ ਵਸੇਬਾ ਪ੍ਰੋਗਰਾਮਾਂ ਦਾ ਸਮਰਥਨ ਕਰੇਗੀ। | ਕਿਸੇ ਲਈ ਉਮੀਦ ਨਹੀਂ |
| ਮਹਾਂਮਾਰੀ ਕਾਰਨ ਮਹਿੰਗਾਈ ਅੱਜ ਤੱਕ ਦੇ ਉੱਚਤਮ ਪੱਧਰ 'ਤੇ ਹੈ। ਮੈਂ ਸ਼ਹਿਰ ਅਤੇ ਫੈਡਰਲ ਸਰਕਾਰ ਦੁਆਰਾ ਕਰਜ਼ੇ ਦੀ ਸੀਮਾ ਨੂੰ ਘਟਾਉਣ ਵਿੱਚ ਸਹਾਇਤਾ ਕਰਨ ਲਈ ਪ੍ਰਦਾਨ ਕੀਤੀਆਂ ਪਹਿਲਕਦਮੀਆਂ ਨੂੰ ਇਕਸਾਰ ਕਰਾਂਗਾ ਅਤੇ ਸਹਾਇਤਾ ਪ੍ਰਦਾਨ ਕਰਾਂਗੀ। | ਨਵੇਂ ਵਿਚਾਰ ਮਾਇਨੇ ਰੱਖਦੇ ਹਨ |
| ਦੁਬਾਰਾ ਚੁਣੇ ਜਾਣ 'ਤੇ ਮੈਂ ਇਹ ਯਕੀਨੀ ਬਣਾਉਣ ਲਈ ਲੜਨਾ ਜਾਰੀ ਰੱਖਾਂਗੀ ਕਿ ਸਾਡਾ ਲੋਕਤੰਤਰ ਕੁਝ ਲੋਕਾਂ ਲਈ ਨਹੀਂ ਬਲਕਿ 'ਸਾਰੇ ਲੋਕਾਂ' ਲਈ ਨਿਰਪੱਖ ਅਤੇ ਸੰਤੁਲਿਤ ਹੈ! | ਹਮੇਸ਼ਾ ਕੀਤਾ ਜਾਣਾ ਚਾਹੀਦਾ ਹੈ |

# ਸਿਟੀ ਕੌਂਸਲ ਡਿਸਟ੍ਰਿਕਟ 42

**ਲੋਕਰਾਜੀ**

- ਕ੍ਰਿਸ ਬੈਂਕਸ
- ਚਾਰਲਸ ਬੈਰਨ
- ਜਮੀਲਾ ਰੋਜ਼

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਕ੍ਰਿਸ ਬੈਂਕਸ

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਚਿੰਤਾਵਾਂ ਨੂੰ ਹੱਲ ਕਰਨਾ
2. ਸੱਚਮੁੱਚ ਕਿਫਾਇਤੀ ਹਾਊਸਿੰਗ ਵਿਕਲਪ ਬਣਾਉਣਾ
3. ਸੀਨੀਅਰ ਅਤੇ ਯੁਵਾ ਪ੍ਰੋਗਰਾਮ ਬਣਾਉਣੇ

*"ਡਿਸਟ੍ਰਿਕਟ 42 ਦੇ ਈਸਟ ਨਿਊਯਾਰਕ ਵਿੱਚ ਜ਼ਿੰਦਗੀ ਭਰ ਤੋਂ ਵਸਨੀਕ ਦੇ ਤੌਰ 'ਤੇ, ਮੈਂ ਆਪਣੇ ਭਾਈਚਾਰੇ ਨੂੰ ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਲਈ ਸਾਰੇ ਹਿਤਧਾਰਕਾਂ ਨਾਲ ਸਹਿਯੋਗ ਕਰਦਿਆਂ, ਆਪਣੇ ਹੰਢਾਏ ਹੋਏ ਅਨੁਭਵ ਅਤੇ ਪੂਰੀ ਡਿਸਟ੍ਰਿਕਟ ਵਿਚਲੇ ਸਬੰਧਾਂ ਨਾਲ ਜੋੜਾਂਗਾ। ਸਾਡਾ ਭਾਈਚਾਰਾ, ਜਿਹੜੀਆਂ ਵੰਗਾਰਾਂ ਦਾ ਸਾਹਮਣਾ ਕਰ ਰਿਹਾ ਹੈ, ਉਹਨਾਂ ਨੂੰ ਸਮੂਹਕ ਤੌਰ 'ਤੇ ਸਾਂਝੇ ਨਜ਼ਰੀਏ ਅਤੇ ਉਹਨਾਂ ਨਾਲ ਭਾਈਵਾਲੀ ਉਸਾਰਣ ਰਾਹੀਂ ਹੱਲ ਕੀਤਾ ਜਾ ਸਕਦਾ ਹੈ, ਜੋ ਡਿਸਟ੍ਰਿਕਟ ਦੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ, ਜਿਸ ਨੂੰ ਅਸੀਂ ਘਰ ਕਹਿੰਦੇ ਹਾਂ।"*

**ਮੌਜੂਦਾ ਕੰਮ-ਧੰਦਾ:** ਸਵੈ-ਰੋਜ਼ਗਾਰ

**ਪਿਛਲਾ ਕੰਮ-ਧੰਦਾ:** ED, ਈਸਟ ਨਿਊਯਾਰਕ ਯੁਨਾਇਟਿਡ ਕੰਸਰਨਡ ਸਿਟੀਜ਼ਨਸ ਇੰਕ.

**ਸਿੱਖਿਆ:** ਜੁਡੀਸ਼ੀਅਲ ਸਟੱਡੀਜ਼ ਵਿੱਚ AA, ਜਾੱਨ ਜੇ ਕਾੱਲਿਜ

**ਸੰਸਥਾਗਤ ਸਬੰਧ:** ਬੋਰਡ ਚੇਅਰਪਰਸਨ, ਬੁਲੇਵਾਰਡ ਹਾਉਸਿਜ਼ ਨਰਸਰੀ ਡੇਅ ਕੇਅਰ, ਪ੍ਰਧਾਨ ਵਾਨ ਸਿਸਲੈਨ ਬਲਾੱਕ ਐਸੋਸੀਏਸ਼ਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਪ੍ਰਧਾਨ 75ਵੀਂ ਪ੍ਰਿੰਸਿਕਟ ਕੌਂਸਲ, ਸਾਰਜੈਂਟ ਐਟ ਐਰਮਸ ਐਂਡ ਵੱਡੇ-ਬਜ਼ੁਰਗਾਂ ਦਾ ਸਾਬਕਾ ਸਹਿ-ਚੇਅਰਪਰਸਨ, ਟ੍ਰਾਂਸਪੋਰਟੇਸ਼ਨ ਅਤੇ ਸਿੱਖਿਆ ਕਮੇਟੀਆਂ, BK CB5

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਚਾਰਲਸ ਬੈਰਨ

ਲੋਕਰਾਜੀ

**ਮੁੱਖ 3 ਮਸਲੇ:**

1. ਗ਼ਰੀਬੀ ਖ਼ਤਮ ਕਰਨੀ ਅਤੇ ਬੇਰੋਜ਼ਗਾਰੀ
2. ਕਿਫ਼ਾਇਤੀ ਬੇਘਰੇਪਣ ਨਾਲ ਨਜਿੱਠਣਾ
3. ਵਧੀਆ ਕਿਫਾਇਤੀ ਸਿਹਤ ਸੰਭਾਲ

*"ਮੇਰੀਆਂ ਪ੍ਰਾਪਤੀਆਂ ਵਿੱਚ 6 ਪਾਰਕਾਂ ਨੂੰ ਨਵਿਆਉਣਾ, 3 ਨਵੇਂ ਸਕੂਲਾਂ ਅਤੇ ਇੱਕ ਭਾਈਚਾਰਕ ਸੈਂਟਰ ਦੀ ਉਸਾਰੀ ਅਤੇ 2,000 ਤੋਂ ਵੱਧ ਨੌਕਰੀਆਂ ਹਾਸਿਲ ਕਰਨ ਲਈ ਰਕਮਾਂ ਪ੍ਰਾਪਤ ਕਰਨਾ ਸ਼ਾਮਿਲ ਹੈ। ਮੈਂ ਸਿਆਸੀ ਅਜ਼ਾਦੀ, ਆਰਥਕ, ਸਵੈ-ਨਿਰਣੇ, ਮੁੜ ਬਹਾਲ ਕੀਤਾ ਗਿਆ ਨਿਆ ਅਤੇ ਬਲੈਕ ਅਤੇ ਭੂਰੇ ਭਾਈਚਾਰਿਆਂ ਦੇ ਵਾਂਝੇ ਲੋਕਾਂ ਨੂੰ ਮਜ਼ਬੂਤੀ ਦੇਣ ਨੂੰ ਅਹਿਮੀਅਤ ਦਿੰਦਾ ਹਾਂ। ਸਿਆਸੀ ਤਾਕਤ ਗ਼ਰੀਬੀ ਨੂੰ ਖ਼ਤਮ ਕਰਨ ਅਤੇ ਵੱਡੀ ਪੱਧਰ 'ਤੇ ਜੇਲ੍ਹਾਂ ਬੰਦ ਕਰਨ ਲਈ ਵੱਡਾ ਹਥਿਆਰ ਹੈ। ਸੀਨੀਅਰ ਅਤੇ ਯੂਵਾ ਪ੍ਰੋਗਰਾਮਾਂ ਲਈ ਰਕਮਾਂ; ਮੁਆਵਜ਼ਾ; ਸਿਆਸੀ ਕੈਦੀਆਂ ਲਈ ਅਜ਼ਾਦੀ; ਅਤੇ ਪੁਲਿਸ ਦੀ ਜ਼ਿਆਦਤੀ ਨੂੰ ਖ਼ਤਮ ਕਰਨਾ ਅਤੇ ਖ਼ਤਰਨਾਕ ਹਥਿਆਰਾਂ ਦੀ ਗ਼ਲਤ ਵਰਤੋਂ ਹੋਰ ਤਰਜੀਹਾਂ ਹਨ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲਮੈਂਬਰ

**ਪਿਛਲਾ ਕੰਮ-ਧੰਦਾ:** NYS ਵਿਧਾਨ-ਸਭਾ ਮੈਂਬਰ

**ਪੜ੍ਹਾਈ:** ਐਸੋਸੀਏਟ ਡਿਗ੍ਰੀ, ਬੈਚਲਰ ਡਿਗ੍ਰੀ

**ਸੰਸਥਾਗਤ ਸਬੰਧ:** ਅੱਪ੍ਰੇਸ਼ਨ ਪਾੱਵਰ

**ਪਹਿਲਾਂ ਦਾ ਸਰਕਾਰੀ ਅਨੁਭਵ:** ਵੋਟਰ ਰਜਿਸਟ੍ਰੇਸ਼ਨ ਬਾਰੇ ਡਾਇਰੈਕਟਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਜਮੀਲਾ ਰੋਜ਼

ਲੋਕਰਾਜੀ

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼ ਅਤੇ NYCHA
2. ਜਨਤਕ ਸੁਰੱਖਿਆ, ਜੀਵਨ ਦੀ ਗੁਣਵੱਤਾ
3. ਸਿੱਖਿਆ, ਯੁਵਾ ਅਤੇ ਸੀਨੀਅਰ ਪ੍ਰੋਗਰਾਮ

*"ਮੈਂ ਸਮਾਜਕ ਨਿਆ ਦੀ ਹਿਮਾਇਤੀ ਹਾਂ, ਮੇਰੀ ਪੈਦਾਇਸ਼ ਅਤੇ ਪਰਵਰਿਸ਼ ਈਸਟ ਨਿਊਯਾਰਕ ਵਿੱਚ ਹੋਈ ਸੀ ਮੈਂ ਸਾਲਾਂ ਤੋਂ ਡਿਸਟ੍ਰਿਕਟ ਵਿੱਚ ਯੁਵਾ ਅਤੇ ਸੀਨੀਅਰ ਪ੍ਰੋਗਰਾਮ ਚਲਾਉਂਦਾ ਹਾਂ। ਮੈਂ ਡਿਸਟ੍ਰਿਕਟ ਵਿੱਚ ਕਿਫ਼ਾਇਤੀ ਰਿਹਾਇਸ਼ ਉਸਾਰਣ ਅਤੇ ਅਪਾਰਟਮੈਂਟਾਂ ਲਈ ਸਥਾਨਕ ਲੋਕਾਂ ਨੂੰ ਅਹਿਮੀਅਤ ਦੇਣ ਲਈ ਜੱਦੋ-ਜਹਿਦ ਕਰ ਰਿਹਾ ਹਾਂ। ਮੈਂ ਜਨਤਕ ਰਿਹਾਇਸ਼ ਵਿੱਚ ਰਹਿਣ-ਸਹਿਣ ਦੀਆਂ ਬਿਹਤਰ ਸਥਿਤੀਆਂ ਅਤੇ ਸੁਰੱਖਿਅਤ ਸਥਰਾਂ ਲਈ ਜੱਦੋ-ਜਹਿਦ ਕਰ ਰਿਹਾ ਹਾਂ।"*

**ਮੌਜੂਦਾ ਕੰਮ-ਧੰਦਾ:** ਪ੍ਰੋਗਰਾਮ ਡਾਇਰੈਕਟਰ, ਗ੍ਰਾਂਟ ਰਾਈਟਰ

**ਪਿਛਲਾ ਕੰਮ-ਧੰਦਾ:** ਸਮਾਜਕ ਨਿਆ ਦਾ ਹਿਮਾਇਤੀ

**ਸਿੱਖਿਆ:** ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿੱਚ ਮਾਸਟਰਸ

**ਸੰਸਥਾਗਤ ਸਬੰਧ:** ਪੇਰੇਂਟ ਟੀਚਰ ਐਸੋਸੀਏਸ਼ਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਸਮਾਜਕ ਨਿਆ ਦਾ ਹਿਮਾਇਤੀ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

**ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, punjabi.nycvotes.org/compare 'ਤੇ ਜਾਓ।**

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਾਓ।**

| | **ਕ੍ਰਿਸ ਬੈਂਕਸ** ✓<br>ਲੋਕਰਾਜੀ | **ਚਾਰਲਸ ਬੈਰਨ** ✓<br>ਲੋਕਰਾਜੀ |
|---|---|---|
| **ਅਪਰਾਧ** | ਬਹੁਤ ਸਾਰੇ ਜ਼ਿਲ੍ਹਾ 42 ਨਿਵਾਸੀਆਂ ਅਤੇ ਹਿੱਸੇਦਾਰਾਂ ਲਈ ਅਪਰਾਧ ਇੱਕ ਪ੍ਰਮੁੱਖ ਚਿੰਤਾ ਹੈ। ਅਸੀਂ ਸਿਰਫ਼ ਸੁਰੱਖਿਆ ਲਈ ਆਪਣੇ ਤਰੀਕੇ ਨਾਲ ਅਮਨ ਕਾਇਮ ਨਹੀਂ ਰੱਖ ਸਕਦੇ। ਅਪਰਾਧ ਨਾਲ ਲੜਨ ਲਈ ਇੱਕ ਆਮ ਸਮਝ ਵਾਲੀ ਪਹੁੰਚ ਦੀ ਲੋੜ ਹੁੰਦੀ ਹੈ ਜਿੱਥੇ ਕਾਨੂੰਨ ਲਾਗੂ ਕਰਨ ਵਾਲੇ ਵਸਨੀਕਾਂ ਨੂੰ ਉਹਨਾਂ ਭਾਈਵਾਲਾਂ ਵਜੋਂ ਦੇਖਦੇ ਹਨ ਜਿਨ੍ਹਾਂ ਲਈ ਉਹ ਜਵਾਬਦੇਹ ਹੁੰਦੇ ਹਨ। | ਅਪਰਾਧ ਦੇ ਮੂਲ ਕਾਰਨ ਗਰੀਬੀ, ਬੇਰੁਜ਼ਗਾਰੀ ਅਤੇ ਮਾਨਸਿਕ ਸਿਹਤ ਸੇਵਾਵਾਂ ਲਈ ਨਾਕਾਫ਼ੀ ਫੰਡ ਹਨ। ਗ਼ਰੀਬੀ ਖ਼ਤਮ ਕਰਨ, ਕਿਰਤੀਆਂ ਦੇ ਵਿਕਾਸ ਅਤੇ ਮਾਨਸਿਕ ਸਿਹਤ ਲਈ ਅਰਬਾਂ ਡਾੱਲਰ ਰਾਖਵੇਂ ਜ਼ਰੂਰ ਰੱਖਣੇ ਚਾਹੀਦੇ ਹਨ। |
| **ਮਹਿੰਗਾਈ** | ਮਹਿੰਗਾਈ ਦਾ ਜ਼ਿਲ੍ਹਾ 42 ਵਰਗੀਆਂ ਭਾਈਚਾਰਿਆਂ 'ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ ਜਿੱਥੇ ਬਹੁਤ ਸਾਰੇ ਬਜ਼ੁਰਗ ਰਹਿੰਦੇ ਹਨ ਅਤੇ ਇੱਕ ਨਿਸ਼ਚਿਤ ਆਮਦਨ 'ਤੇ ਰਹਿੰਦੇ ਹਨ। ਮਹਿੰਗਾਈ ਦਾ ਮੁਕਾਬਲਾ ਕਰਨ ਅਤੇ ਆਪਣੇ ਭਾਈਚਾਰਿਆਂ ਨੂੰ ਜਿੰਨਾ ਸੰਭਵ ਹੋਵੇ, ਓਨਾ ਕਿਫ਼ਾਇਤੀ ਬਣਾਉਣ ਲਈ ਸਰਕਾਰ ਨੂੰ ਵਿਧਾਨਕ ਅਸਲੇਖ਼ਾਨੇ ਵਿਚਲੇ ਹਰ ਉਪਕਰਣ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। | ਆਪਣੇ ਉਤਪਾਦ ਦੀ ਕਾਰਪੋਰੇਟ ਕੀਮਤ ਨਿਯੰਤਰਣ ਨੂੰ ਨਿਯਮਤ ਕਰਨਾ, ਵਿਆਜ ਦਰ ਨੂੰ ਨਾ ਵਧਾਉਣਾ ਮਹਿੰਗਾਈ ਦਾ ਸਭ ਤੋਂ ਵਧੀਆ ਹੱਲ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਸਾਡਾ ਲੋਕਤੰਤਰ ਉਹ ਨੀਂਹ ਹੈ ਜਿਸ 'ਤੇ ਸਾਡਾ ਸਮਾਜ ਬਣਿਆ ਹੈ। ਇਹ ਹਾਲ ਹੀ ਵਿੱਚ ਸਿੱਧੇ ਧਮਕੀ ਅਤੇ ਹਮਲੇ ਦੇ ਅਧੀਨ ਆਇਆ ਹੈ ਅਤੇ ਹਰ ਕੀਮਤ 'ਤੇ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ। | ਵੋਟਿੰਗ ਦੇ ਹੱਕਾਂ ਨੂੰ ਨਿਯੰਤ੍ਰਿਤ ਕਰਨਾ, ਕਾਲੇ ਅਤੇ ਭੂਰੇ ਭਾਈਚਾਰਿਆਂ ਦੀ ਨੁਮਾਇੰਦਗੀ ਨੂੰ ਘਟਾਉਣ ਲਈ ਨਸਲੀ-ਪ੍ਰੇਰਿਤ ਪੁਨਰ ਵੰਡ ਦੇ ਵਿਰੁੱਧ ਲੜਨਾ ਅਤੇ ਇਹ ਯਕੀਨੀ ਬਣਾਉਣਾ ਕਿ ਕਰਮਚਾਰੀ ਰਹਿਣ ਦੀ ਉਜਰਤ, ਸੁਰੱਖਿਅਤ ਕੰਮ ਵਾਲੀ ਥਾਂ ਦੇ ਵਾਤਾਵਰਣ, ਸਿਹਤ ਸੰਭਾਲ ਅਤੇ ਪੈਨਸ਼ਨ ਲਾਭ ਸੁਰੱਖਿਅਤ ਕਰਨ ਦੇ ਯੋਗ ਹਨ। |

## ਜਮੀਲਾ ਰੋਜ਼ ✓

ਲੋਕਰਾਜੀ

ਮੈਂ ਵੱਧ ਤੋਂ ਵੱਧ ਅਤੇ ਬਿਹਤਰ ਯੂਥ ਅਤੇ ਨੌਜਵਾਨ ਬਾਲਗ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰਕੇ ਸੁਰੱਖਿਅਤ ਸੜਕਾਂ ਲਈ ਲੜ ਰਹੀ ਹਾਂ। ਮੈਂ ਆਪਣੇ ਸਕੂਲਾਂ ਨੂੰ ਬਿਹਤਰ ਬਣਾਉਣ ਲਈ ਵੀ ਕੰਮ ਕੀਤਾ ਹੈ। ਅਤੇ ਮੇਰਾ ਮਨੰਣਾ ਹੈ ਕਿ ਸਾਨੂੰ ਭਾਈਚਾਰਕ ਪੁਲਿਸ ਸਬੰਧਾਂ ਨੂੰ ਜ਼ਰੂਰ ਬਿਹਤਰ ਬਣਾਉਣਾ ਚਾਹੀਦਾ ਹੈ।

ਅੰਡੇ, ਦੁੱਧ ਅਤੇ ਕਿਰਾਏ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਸਾਡੇ ਲਈ ਸਿਰਫ਼ ਬਚਣਾ ਔਖਾ ਹੈ। ਮੈਂ ਉਚਿਤ ਕੀਮਤਾਂ ਅਤੇ ਬਿਹਤਰ ਉਜਰਤਾਂ ਲਈ ਲੜਾਂਗੀ।

ਮੈਂ ਬੈਲਟ ਤੱਕ ਵਧੇਰੇ ਪਹੁੰਚ ਲਈ ਲੜ ਰਹੀ ਹਾਂ। ਮੈਂ ਜਲਦੀ ਵੋਟਿੰਗ, ਗੈਰਹਾਜ਼ਰ ਬੈਲਟ ਤੱਕ ਪਹੁੰਚ ਅਤੇ ਵੋਟਰ ਰਜਿਸਟ੍ਰੇਸ਼ਨ ਤੱਕ ਬਿਹਤਰ ਪਹੁੰਚ ਦਾ ਸਮਰਥਨ ਕਰਦੀ ਹਾਂ।

# ਚੋਣ ਅਲਰਟ ਹਾਸਿਲ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 43

**ਲੋਕਰਾਜੀ**

- ਵਾਇ ਯੀ ਚਨ ✓
- ਸਟੈਨਲੇ M Ng Mr ✓
- ਸੂਜ਼ਨ ਜ਼ੁਆਂਗ ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਵਾਇ ਯੀ ਚਨ ✓

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਨੂੰ ਵਧਾਉਣਾ.
2. ਉੱਚ-ਗੁਣਵੱਤਾ ਵਾਲੀ ਸਿੱਖਿਆ ਨੂੰ ਯਕੀਨੀ ਬਣਾਉਣਾ।
3. ਸੀਨੀਅਰ ਸੇਵਾਵਾਂ ਦੀ ਸੁਰੱਖਿਆ ਅਤੇ ਵਿਸਤਾਰ ਕਰਨਾ।

*"ਮੈਂ ਅਮਰੀਕੀ ਸੁਫ਼ਨੇ ਨੂੰ ਸੱਚ ਬਣਾਉਣ ਲਈ ਇੱਕ ਸੂਟਕੇਸ ਨਾਲ NYC ਆਇਆ ਸੀ। ਉਸ ਸਮੇਂ ਤੋਂ ਲੈਕੇ ਮੈਂ ਸਾਊਥ ਬਰੂਕਲਿਨ ਨੂੰ ਲੋੜੀਂਦੇ ਸ੍ਰੋਤਾਂ ਨੂੰ ਹਾਸਿਲ ਕਰਨਾ ਯਕੀਨੀ ਬਣਾਉਣ ਲਈ ਆਪਣੀ ਜ਼ਿੰਦਗੀ ਲਾ ਦਿੱਤੀ ਹੈ। ਮੈਂ ਸਿਟੀ ਕੌਂਸਲ ਲਈ ਚੋਣ ਲੜ ਰਿਹਾ, ਕਿਉਂਕਿ ਮੈਨੂੰ ਲੱਗਦਾ ਹੈ ਕਿ ਨਿਊਯਾਰਕ ਦੇ ਹਰ ਵਸਨੀਕ ਨੂੰ ਬਿਹਤਰੀਨ ਸਕੂਲਾਂ ਅਤੇ ਜ਼ਿੰਦਗੀ ਦੇ ਹਰ ਪੜਾਅ 'ਤੇ ਲੋਕਾਂ ਲਈ ਮੌਕਿਆਂ ਨਾਲ ਸੁਰੱਖਿਅਤ ਭਾਈਚਾਰੇ ਵਿੱਚ ਰਹਿਣ ਦਾ ਹੱਕ ਹੈ।"*

**ਮੌਜੂਦਾ ਕੰਮ-ਧੰਦਾ:** ਹੋਮਕ੍ਰੈਸਟ ਭਾਈਚਾਰਕ ਸੇਵਾਵਾਂ ਵਿਖੇ ਐਗਜ਼ੀਕਿਉਟਿਵ

**ਪਿਛਲਾ ਕੰਮ-ਧੰਦਾ:** ਚਾਈਨੀਜ਼-ਅਮਰੀਕਨ ਪਲੈਨਿੰਗ ਕੌਂਸਲ ਵਿਖੇ ਡਾਇਰੈਕਟਰ, ਨਿਊਯਾਰਕ ਚਾਈਨੀਜ਼ ਸਕੂਲ ਵਿਖੇ ਅਧਿਆਪਕ

**ਸਿੱਖਿਆ:** ਹੌਂਗ ਕੌਂਗ ਐਕਾਡਮੀ ਫ਼ੌਰ ਪਰਫ਼ੌਰਮਿੰਗ ਆਰਟਸ, BFA. ਕੋਲੰਬੀਆ ਯੂਨੀਵਰਸਿਟੀ, ਐਮ.ਏ.

**ਸੰਸਥਾਗਤ ਸਬੰਧ:** ਮੇਅਰ ਐਰਿਕ ਐਡਮਸ ਦੇ ਦਫ਼ਤਰ ਲਈ ਏਸ਼ਿਆਈ ਮਾਮਲਿਆਂ ਬਾਰੇ ਸਲਾਹਕਾਰੀ ਕੌਂਸਲ, ਵਿਕਾਸ ਸਬੰਧੀ ਜ਼ਰੂਰਤਾਂ ਵਾਲੇ ਪਰਿਵਾਰਾਂ ਲਈ ਗਠਜੋੜ

**ਪਹਿਲਾਂ ਦਾ ਸਰਕਾਰੀ ਅਨੁਭਵ:** ਕੌਂਸਲਮੈਨ ਜਸਟਿਨ ਬ੍ਰੈਨਨ ਦਫ਼ਤਰ ਵਿੱਚ ਭਾਈਚਾਰਕ ਸ਼ਮੂਲੀਅਤ ਬਾਰੇ ਡਾਇਰੈਕਟਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਸਟੈਨਲੇ M Ng Mr

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਸਿੱਖਿਆ ਚੋਣ, ਸਕੂਲ ਲਈ ਫ਼ੰਡ
3. ਭੋਜਨ ਅਤੇ ਰਿਹਾਇਸ਼ ਦੀ ਸਮਰੱਥਾ

*"ਮੇਰਾ ਨਾਂ ਸਟੈਨਲੇ Ng ਹੈ ਅਤੇ ਮੈਂ ਸਿਟੀ ਕੌਂਸਲ ਡਿਸਟ੍ਰਿਕਟ 43 ਲਈ ਚੋਣ ਲੜ ਰਹੀ ਹਾਂ। ਮੈਂ ਇੱਕ ਰਿਟਾਇਰਡ ਕੰਪਿਉਟਰ ਪ੍ਰੋਗਰਾਮਰ, 3 ਬੱਚਿਆਂ ਦਾ ਪਿਤਾ ਅਤੇ 30+ ਸਾਲ ਤੋਂ ਡਾਈਕਰ ਵਿੱਚ ਰਹਿੰਦਾ ਹਾਂ। ਮੈਂ ਸਿਟੀ ਹਾਲ ਨੂੰ ਤੁਹਾਡੇ ਵੋਟਰਾਂ ਲਈ ਜਵਾਬਦੇਹ ਬਣਾਉਣ ਲਈ ਚੋਣ ਲੜਣ ਦਾ ਫ਼ੈਸਲਾ ਕੀਤਾ ਹੈ। ਮੈਂ ਕੈਰੀਅਰ ਸਿਆਸਤਦਾਨ ਨਹੀਂ ਹਾਂ ਅਤੇ ਮੈਂ ਸਿਆਸੀ ਕਲੱਬਾਂ ਅਤੇ ਸਿਟੀ ਹਾਲ ਵਿੱਚ ਸਿਆਸੀ ਮਸ਼ੀਨਾਂ ਲਈ ਕੰਮ ਕਰਨ ਦੀ ਨੁਮਾਇੰਦਗੀ ਨਹੀਂ ਕਰਦਾ ਮੈਂ ਤਿੰਨ ਵੱਡੇ ਮੰਚਾਂ ਜਨਤਕ ਸੁਰੱਖਿਆ, ਸਕੂਲ ਉੱਤਮਤਾ ਅਤੇ ਰੋਜ਼ ਦੀ ਕਿਫ਼ਾਇਤਸ਼ਾਰੀ ਲਈ ਚੋਣ ਲੜ ਰਿਹਾ ਹਾਂ। ਮੈਂ ਆਪਣੇ ਸਥਾਨਕ ਸਕੂਲਾਂ ਨੂੰ ਪੂਰੀ ਤਰ੍ਹਾਂ ਰਕਮਾਂ ਦੇਣਾ ਚਾਹੁੰਦਾ ਹਾਂ, ਇਹ ਵੀ ਯਕੀਨੀ ਬਣਾਉਣਾ ਚਾਹੁੰਦਾ ਹਾਂ ਕਿ ਵਸਨੀਕ ਆਪਣੇ ਭਾਈਚਾਰੇ ਵਿੱਚ ਸੁਰੱਖਿਅਤ ਮਹਿਸੂਸ ਕਰਨ ਅਤੇ ਰਿਹਾਇਸ਼ ਅਤੇ ਬੁਨਿਆਦੀ ਭੋਜਨ ਦੀ ਲਾਗਤ ਘੱਟ ਕੀਤੀ ਜਾਏ।"*

**ਮੌਜੂਦਾ ਕੰਮ-ਧੰਦਾ:** ਰਿਟਾਇਰਡ

**ਪਿਛਲਾ ਕੰਮ-ਧੰਦਾ:** ਕੰਪਿਉਟਰ ਪ੍ਰੋਗਰਾਮਰ

**ਸਿੱਖਿਆ:** MS ਕੰਪਿਉਟਰ ਦੀ ਕਾਰਜ-ਪ੍ਰਣਾਲੀ

**ਸੰਸਥਾਗਤ ਸਬੰਧ:** UA3, COPO

**ਪਹਿਲਾਂ ਦਾ ਸਰਕਾਰੀ ਅਨੁਭਵ:** ਡਿਸਟ੍ਰਿਕਟ 20 CEC ਭਾਈਚਾਰਕ ਸਿੱਖਿਆ ਕੌਂਸਲ CCHS ਹਾਈ ਸਕੂਲਾਂ ਲਈ ਸ਼ਹਿਰ-ਵਿਆਪੀ ਕੌਂਸਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਸੂਜ਼ਨ ਜ਼ੁਆਂਗ

ਲੋਕਰਾਜੀ

**ਮੁੱਖ 3 ਮਸਲੇ:**

1. ਸਾਡੇ ਆਂਢ-ਗੁਆਂਢ ਨੂੰ ਸੁਰੱਖਿਅਤ ਬਣਾਉਣਾ।
2. ਸਾਰਿਆਂ ਲਈ ਮਿਆਰੀ ਸਿੱਖਿਆ।
3. ਸਾਡੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ।

*"ਦੋ ਛੋਟੇ ਬੱਚਿਆਂ ਦੀ ਮਾਂ ਵਜੋਂ, ਪਬਲਿਕ-ਸਕੂਲ ਪੇਰੇਂਟ ਅਤੇ ਅਸੈਂਬਲੀਮੈਨ ਵਿਲੀਅਮ ਕੌਲਟਨ ਲਈ ਚੀਫ਼ ਆੱਫ਼ ਸਟਾਫ਼ ਵਜੋਂ ਮੈਂ ਸਾਲਾਂ ਤੋਂ ਸਾਊਥ ਬਰੂਕਲਿਨ ਵਿਚਲੇ ਭਾਈਚਾਰਕ ਮਸਲਿਆਂ ਲਈ ਜੱਦੋ-ਜਹਿਦ ਕਰ ਰਹੀ ਹਾਂ। ਸਾਨੂੰ ਆਪਣੇ ਭਾਈਚਾਰਿਆਂ ਨੂੰ ਸੁਰੱਖਿਅਤ ਬਣਾਉਣ, ਆਪਣੇ ਸਕੂਲਾਂ ਨੂੰ ਮਜ਼ਬੂਤ ਕਰਨ ਲਈ ਮੁਕਾਬਲਾ ਕਰਨਾ ਚਾਹੀਦਾ ਹੈ ਅਤੇ ਯਕੀਨੀ ਬਣਾਉਣਾ ਕਿ ਅਸੀਂ ਸਾਰੇ ਖ਼ੁਸ਼ਹਾਲ ਹੋ ਸਕੀਏ।"*

**ਮੌਜੂਦਾ ਕੰਮ-ਧੰਦਾ:** ਨਿਊਯਾਰਕ ਸਟੇਟ ਅਸੈਂਬਲੀਮੈਨ ਵਿਲੀਅਮ ਕੌਲਟਨ ਲਈ ਚੀਫ਼ ਆੱਫ਼ ਸਟਾਫ਼

**ਪਿਛਲਾ ਕੰਮ-ਧੰਦਾ:** ਮਾਰਕਿਟ ਖੋਜ ਅਨੈਲਿਸਟ

**ਸਿੱਖਿਆ:** ਸਦਰਨ ਇੰਡੀਆਨਾ ਯੂਨੀਵਰਸਿਟੀ, ਡਾਟਾ ਵਿਸ਼ਲੇਸ਼ SUNY-Oswego ਵਿੱਚ MBA, ਫ਼ਾਇਨਾਂਸ ਅਤੇ ਐਪਲਾਈਡ ਸਟੈਟਿਸਟਿਕ ਵਿੱਚ BA ਡਿਗ੍ਰੀ

**ਸੰਸਥਾਗਤ ਸਬੰਧ:** ਬੋਰਡ ਮੈਂਬਰ–ਏਸ਼ੀਅਨ ਅਮਰੀਕਨ ਪੈਸੀਫ਼ਿਕ ਆਈਲੈਂਡਰ ਪਬਲਿਕ ਅਫ਼ੇਅਰਸ ਐਸੋਸੀਏਸ਼ਨ, ਬੋਰਡ ਮੈਂਬਰ –AAGG PAC, ਬਾਨੀ–ਭਵਿੱਖ ਦੇ ਲੀਡਰ, ਸਾਬਕਾ VP- ਬਰੂਕਲਿਨ ਯੂਨਾਇਟਿਡ ਪ੍ਰੋਗ੍ਰੈਸਿਵ ਡੈਮੋਕ੍ਰੈਟਿਕ ਕਲੱਬ, ਸਾਬਕਾ VP/ਬਾਨੀ–ਸਦਰਨ ਬਰੂਕਲਿਨ ਪੌਲੀਟਿਕਲ ਕਲੱਬ ਦੇ ਨੌਜੁਆਨ ਡੈਮੋਕ੍ਰੈਟਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਕਮਿਊਨਿਟੀ ਕਾਰਕੁਨ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਵਾਇ ਯੀ ਚਨ** ✓<br>ਲੋਕਰਾਜੀ | **ਸਟੈਨਲੇ M Ng Mr** ✓<br>ਲੋਕਰਾਜੀ |
|---|---|---|
| **ਅਪਰਾਧ** | ਇਹ ਯਕੀਨੀ ਬਣਾਉਣਾ ਮੇਰੀ ਪ੍ਰਮੁੱਖ ਤਰਜੀਹ ਹੈ ਕਿ ਸਾਡਾ ਭਾਈਚਾਰਾ ਸੁਰੱਖਿਅਤ ਮਹਿਸੂਸ ਕਰੇ। ਮੈਂ ਇਹ ਯਕੀਨੀ ਬਣਾਉਣ ਲਈ ਸਾਡੀ ਪੁਲਿਸ ਨੂੰ ਪੂਰੀ ਤਰ੍ਹਾਂ ਫੰਡ ਦਿਆਂਗਾ ਕਿ ਉਹ ਅਪਰਾਧ ਨੂੰ ਹੱਲ ਕਰਨ ਅਤੇ ਰੋਕਣ ਦੇ ਯੋਗ ਹੋਣ, ਸਾਡੀਆਂ ਸੜਕਾਂ ਤੋਂ ਗੈਰ-ਕਾਨੂੰਨੀ ਬੰਦੂਕਾਂ ਨੂੰ ਪ੍ਰਾਪਤ ਕਰਨ ਲਈ ਕੰਮ ਕਰਨ, ਅਤੇ ਅਪਰਾਧ ਵਾਪਰਨ ਤੋਂ ਪਹਿਲਾਂ ਰੋਕਣ ਵਿੱਚ ਮਦਦ ਲਈ ਮਾਨਸਿਕ ਸਿਹਤ ਸੇਵਾਵਾਂ ਵਿੱਚ ਸਾਡੇ ਸ਼ਹਿਰ ਦੇ ਨਿਵੇਸ਼ ਨੂੰ ਵਧਾਵਾਂਗਾ। | ਨਿਵਾਸੀ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਮੈਂ ਜਨਤਕ ਸੁਰੱਖਿਆ ਨੂੰ ਮਜ਼ਬੂਤ ਕਰਨ, ਹਿੰਸਕ ਅਪਰਾਧ ਨੂੰ ਘਟਾਉਣ, ਅਤੇ ਸਾਰੇ ਨਿਊ ਯਾਰਕ ਵਾਸੀਆਂ ਦੀ ਸੁਰੱਖਿਆ ਲਈ ਕੰਮ ਕਰਾਂਗਾ। ਖਾਸ ਤੌਰ 'ਤੇ, ਮੈਂ ਸਾਡੇ ਸ਼ਹਿਰ ਵਿੱਚ ਐਂਟੀ ਏਸ਼ੀਅਨ ਹੇਟ ਕ੍ਰਾਈਮਜ਼ ਵਿੱਚ ਪਰੇਸ਼ਾਨ ਕਰਨ ਵਾਲੇ ਵਾਧੇ ਨੂੰ ਹੱਲ ਕਰਨ ਲਈ ਕਾਨੂੰਨ ਲਾਗੂ ਕਰਨ ਵਾਲੇ, ਵਿਧਾਇਕਾਂ ਅਤੇ ਵਕੀਲਾਂ ਨਾਲ ਕੰਮ ਕਰਾਂਗਾ। |
| **ਮਹਿੰਗਾਈ** | ਸਾਨੂੰ ਸਰਕਾਰ ਦੇ ਹਰ ਪੱਧਰ 'ਤੇ ਮਹਿੰਗਾਈ ਨੂੰ ਹੱਲ ਕਰਨਾ ਚਾਹੀਦਾ ਹੈ। ਸਥਾਨਕ ਪੱਧਰ 'ਤੇ ਮੈਂ ਨਿਊ ਯਾਰਕ ਵਾਸੀਆਂ ਦੀਆਂ ਜੇਬਾਂ ਵਿੱਚ ਪੈਸਾ ਰੱਖਣ ਲਈ ਮੱਧ-ਸ਼੍ਰੇਣੀ ਦੇ ਘਰਾਂ ਦੇ ਮਾਲਕਾਂ, ਫੇਅਰ ਫੇਅਰਜ਼ ਪ੍ਰੋਗਰਾਮ, ਅਤੇ ਐਮਰਜੈਂਸੀ ਫੂਡ ਅਸਿਸਟੈਂਸ ਪ੍ਰੋਗਰਾਮ ਲਈ ਜਾਇਦਾਦ ਟੈਕਸ ਛੋਟਾਂ ਦਾ ਵਿਸਤਾਰ ਕਰਾਂਗਾ। | ਇੱਥੇ NYC ਵਿੱਚ ਇੱਕ ਸਮਰੱਥਾ ਸੰਕਟ ਹੈ। ਮਹਿੰਗਾਈ ਨਿਊ ਯਾਰਕ ਵਾਸੀਆਂ ਨੂੰ ਮਾਰ ਰਹੀ ਹੈ, ਖਾਸ ਕਰਕੇ ਕਰਿਆਨੇ ਦੀ ਦੁਕਾਨ 'ਤੇ। ਮੈਂ ਕੰਮ ਕਰਨ ਵਾਲੇ ਪਰਿਵਾਰਾਂ ਅਤੇ ਬਜ਼ੁਰਗ ਨਿਵਾਸੀਆਂ ਨੂੰ ਇੱਕ ਨਿਸ਼ਚਿਤ ਆਮਦਨ 'ਤੇ ਮੁਫਤ ਅਤੇ ਘੱਟ ਲਾਗਤ ਵਾਲੇ ਭੋਜਨ ਵਿਕਲਪ ਪ੍ਰਦਾਨ ਕਰਨ ਲਈ ਸਾਡੇ ਜ਼ਿਲ੍ਹੇ ਵਿੱਚ ਇੱਕ ਸਥਾਈ ਫੂਡ ਬੈਂਕ ਸਥਾਪਤ ਕਰਨਾ ਚਾਹੁੰਦਾ ਹਾਂ। |
| **ਲੋਕਰਾਜ ਦੀ ਰਾਖੀ ਕਰਨਾ** | ਇਹ ਯਕੀਨੀ ਬਣਾਉਣਾ ਕਿ ਸਾਡਾ ਲੋਕਤੰਤਰ ਨਿਰਪੱਖ ਹੈ ਅਤੇ ਨਤੀਜਿਆਂ ਦਾ ਸਨਮਾਨ ਕੀਤਾ ਜਾਂਦਾ ਹੈ, ਬਹਿਸ ਦੇ ਮੁੱਦੇ ਨਹੀਂ ਹੋਣੇ ਚਾਹੀਦੇ। ਮੈਂ ਸਾਡੇ ਸ਼ਹਿਰ ਦੀਆਂ ਚੋਣਾਂ ਵਿੱਚ ਵੋਟਾਂ ਪੈਣ ਦੀ ਥਾਂ ਦੀ ਭਾਸ਼ਾ ਸਹਾਇਤਾ ਅਤੇ ਅਗਾਊਂ ਭਾਸ਼ਾ ਨਿਆਂ ਨੂੰ ਵਿਕਸਤ ਕਰਨ ਅਤੇ ਲਾਗੂ ਕਰਨ ਲਈ ਭਾਸ਼ਾ ਸਹਾਇਤਾ ਸਲਾਹਕਾਰ ਕਮੇਟੀ ਵਿੱਚ ਸੇਵਾ ਕਰਦੀ ਹਾਂ। ਹਰ ਆਵਾਜ਼ ਸੁਣੀ ਜਾਣੀ ਚਾਹੀਦੀ ਹੈ। | ਹਰ ਨਾਗਰਿਕ ਨੂੰ ਵੋਟ ਦਾ ਅਧਿਕਾਰ ਹੈ। ਮੈਂ ਇਹ ਸੁਨਿਸ਼ਚਿਤ ਕਰਾਂਗਾ ਕਿ ਲੋਕਾਂ ਦੀ ਵੋਟ-ਪਰਚੀ ਤੱਕ ਪਹੁੰਚ ਹੋਵੇ ਅਤੇ ਵੋਟਰਾਂ ਨੂੰ ਉਹਨਾਂ ਦੇ ਸਭ ਤੋਂ ਬੁਨਿਆਦੀ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਵਰਤੋਂ ਕਰਨ ਦੀ ਸੁਰੱਖਿਆ ਹੋਵੇ। ਮੈਂ ਬਹੁਤ ਜ਼ਿਆਦਾ ਵੋਟਰਾਂ ਨੂੰ ਆਉਣ ਲਈ ਉਤਸਾਹ ਦੇਣ ਵਾਸਤੇ ਮੰਡਾਰਿਨ ਅਤੇ ਕੈਂਟੋਨੀਜ਼ ਵਿੱਚ ਹੋਰ ਦੁਭਾਸ਼ੀ ਵੋਟਰ ਗਾਈਡਾਂ ਅਤੇ ਸਮਗ੍ਰੀਆਂ ਯਕੀਨੀ ਬਣਾਵਾਂਗੀ |

## ਸੂਜ਼ਨ ਜ਼ੁਆਂਗ ✓

ਲੋਕਰਾਜੀ

ਸਾਨੂੰ ਆਪਣੇ ਸ਼ਹਿਰ ਨੂੰ ਸੁਰੱਖਿਅਤ ਬਣਾਉਣਾ ਚਾਹੀਦਾ ਹੈ। ਸਾਨੂੰ ਆਪਣੀਆਂ ਸੜਕਾਂ ਤੋਂ ਬੰਦੂਕਾਂ ਹਟਾਉਣ, ਮਾਨਸਿਕ ਸਿਹਤ ਸੰਕਟ ਦੂਰ ਕਰਨ, ਨਫ਼ਰਤੀ ਜੁਰਮਾਂ ਅਤੇ ਪੱਖਪਾਤੀ ਹਮਲਿਆਂ ਨੂੰ ਰੋਕਣ ਲਈ ਸਖ਼ਤ ਜੁਰਮਾਨੇ ਲਾਉਣ ਅਤੇ ਕਾਨੂੰਨ ਅਤੇ ਐਨਫ਼ੋਰਸਮੈਂਟ ਦੀ ਹਿਮਾਇਤ ਕਰਨ ਲਈ ਸਥਾਨਕ ਹਿੰਸਾ-ਵਿਰੋਧੀ ਸਮੂਹਾਂ ਨਾਲ ਭਾਈਵਾਲੀ ਕਰਨ ਦੀ ਲੋੜ ਹੈ।

ਸਾਨੂੰ ਕੀਮਤਾਂ ਵਧਾਉਣ ਲਈ ਕੰਪਨੀਆਂ ਅਤੇ ਉਪਯੋਗਤਾਵਾਂ ਨੂੰ ਜਵਾਬਦੇਹ ਬਣਾਉਣ ਅਤੇ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਉਹ ਖਪਤਕਾਰਾਂ ਦਾ ਫਾਇਦਾ ਨਹੀਂ ਲੈ ਰਹੀਆਂ ਹਨ। ਸਾਨੂੰ ਮਹਿੰਗਾਈ 'ਤੇ ਵੀ ਲਗਾਮ ਲਗਾਉਣੀ ਚਾਹੀਦੀ ਹੈ ਜੋ ਕਿ ਮਜ਼ਦੂਰ ਪਰਿਵਾਰਾਂ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦੀ ਹੈ।

ਆਜ਼ਾਦ ਅਤੇ ਨਿਰਪੱਖ ਚੋਣਾਂ ਨੂੰ ਉਲਟਾਉਣ ਲਈ ਟਰੰਪ ਅਤੇ ਦੱਖਣਪੰਥੀ ਜੋਸ਼ੀਲੇ ਲੋਕਾਂ ਦੀਆਂ ਕੋਸ਼ਿਸ਼ਾਂ ਹਰ ਉਸ ਵਿਅਕਤੀ ਲਈ ਜਾਗਣ ਦਾ ਸੱਦਾ ਹੋਣਾ ਚਾਹੀਦਾ ਹੈ ਜੋ ਲੋਕਤੰਤਰ ਦੀ ਪਰਵਾਹ ਕਰਦਾ ਹੈ। ਸਾਨੂੰ ਵੋਟਿੰਗ ਤੱਕ ਪਹੁੰਚ ਅਤੇ ਅਸਾਨੀ ਨਾਲ ਪਹੁੰਚ ਨੂੰ ਵਧਾਉਣਾ ਚਾਹੀਦਾ ਹੈ ਅਤੇ ਹਰ ਯੋਗ ਵੋਟਰ ਦੇ ਵੋਟ ਦੇ ਹੱਕ ਦੀ ਰਾਖੀ ਕਰਨੀ ਚਾਹੀਦੀ ਹੈ।

# ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨੀ

**ਸਾਡੀ ਆੱਨਲਾਈਨ ਪ੍ਰੈਕਟਿਸ ਵਾਲ਼ੀ ਵੋਟ-ਪਰਚੀ 'ਤੇ ਆਪਣੀ ਪਸੰਦ ਦੀ ਰੈਂਕਿੰਗ ਦੀ ਕੋਸ਼ਿਸ਼ ਕਰੋ! ਜੇ ਤੁਹਾਡੀ ਵੋਟ-ਪਰਚੀ ਸਹੀ ਢੰਗ ਨਾਲ ਭਰੀ ਗਈ ਹੈ ਜਾਂ ਜੇ ਤੁਹਾਡੇ ਤੋਂ ਗ਼ਲਤੀ ਹੋਈ ਹੈ, ਤਾਂ ਉਸ ਨੂੰ ਕਿਵੇਂ ਦਰੁਸਤ ਕਰੋ, ਬਾਰੇ ਅਸੀਂ ਤੁਹਾਨੂੰ ਦੱਸਾਂਗੇ।**

**ਇੱਥੇ ਸਕੈਨ ਕਰੋ ਜਾਂ punjabi.nycvotes.org/practice-ballot 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 44

**ਰਿਪਬਲਿਕਨ**

- ਹੈਸ਼ੀ ਟਿਸ਼ਲਰ ✓
- ਕਲਮਾਨ ਯੈਗਰ* ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।

---



## ਹੈਸ਼ੀ ਟਿਸ਼ਲਰ ✓

ਰਿਪਬਲਿਕਨ

**ਮੁੱਖ 3 ਮਸਲੇ:**

1. ਸਾਡੀ ਪੁਲਿਸ ਦਾ ਸਮਰਥਨ ਕਰੋ
2. ਨੌਕਰਸ਼ਾਹੀ ਨੂੰ ਖਤਮ ਕਰੋ ਅਤੇ ਟੈਕਸ ਘਟਾਓ
3. ਆਜ਼ਾਦੀ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਕਰੋ

*"ਹੈਸ਼ੀ ਟਿਸ਼ਲਰ ਦਾ ਚੋਣ-ਪ੍ਰਚਾਰ ਨਿਊਯਾਰਕ ਸ਼ਹਿਰ ਵਿੱਚ ਜਿਉਂ ਦੀ ਤਿਉਂ ਵਾਲੀ ਸਥਿਤੀ ਨੂੰ ਬਦਲਣ ਬਾਰੇ ਹੈ ਉਹ ਸਰਕਾਰ ਦੀ ਤਦਾਦ ਨੂੰ ਘੱਟ ਕਰ ਦੇਣਗੇ, ਨੌਕਰਸ਼ਾਹੀ ਨੂੰ ਘਟਾ ਦੇਣਗੇ ਅਤੇ ਨਫ਼ਰਤੀ ਜੁਰਮਾਂ ਦੇ ਖ਼ਤਰੇ ਨੂੰ ਖ਼ਤਮ ਕਰ ਦੇਣਗੇ। ਹੈਸ਼ੀ ਨੂੰ ਸਾਡੀਆਂ ਨਿਜੀ ਅਜ਼ਾਦੀਆਂ ਵਿੱਚ ਪੱਕਾ ਯਕੀਨ ਹੈ ਅਤੇ ਕੋਵਿਡ ਨੇ ਸਾਨੂੰ ਦਰਸਾਇਆ ਹੈ ਕਿ ਉਸ ਨੂੰ ਕਿੰਨੀ ਅਸਾਨੀ ਨਾਲ ਦੂਰ ਕੀਤਾ ਜਾ ਸਕਦਾ ਹੈ। ਹੈਸ਼ੀ ਸਾਡੇ ਮਰਦ ਅਤੇ ਔਰਤ ਪੁਲਿਸ ਵਾਲਿਆਂ ਦੀ ਹਿਮਾਇਤ ਕਰਦੇ ਰਹਿਣਗੇ, ਤਾਂਜੋ ਉਹ ਸਾਡੀਆਂ ਸੜਕਾਂ ਨੂੰ ਸੁਰੱਖਿਅਤ ਰੱਖ ਸਕਣ। ਸਿਟੀ ਕੌਂਸਲ ਅਕਸਰ ਫ਼ਜ਼ੂਲ ਕਾਨੂੰਨ ਪਾਸ ਕਰਦੀ ਹੈ, ਜੋ ਸਾਡੇ ਵੋਟਰਾਂ ਦੇ ਹਿੱਤਾਂ ਦੀ ਨੁਮਾਇੰਦਗੀ ਨਹੀਂ ਕਰਦੀ। ਚੁਣੇ ਜਾਣ 'ਤੇ, ਹੈਸ਼ੀ ਇਸ ਸਾਰੇ ਕੁਝ ਨੂੰ ਬੰਦ ਕਰਨ ਜਾ ਰਹੇ ਹਨ। ਹੈਸ਼ੀ ਟਿਸ਼ਲਰ ਦੀ ਪੈਦਾਇਸ਼ ਅਤੇ ਪਰਵਰਿਸ਼ ਬਰੂਕਲਿਨ ਵਿੱਚ ਹੋਈ ਸੀ, ਜਿੱਥੇ ਉਹਨਾਂ ਨੇ ਆਪਣੇ ਤਿੰਨ ਪੁੱਤਰਾਂ ਦੀ ਪਰਵਰਿਸ਼ ਕੀਤੀ ਹੈ ਅਤੇ 32 ਸਾਲ ਤੋਂ ਇੱਥੇ ਹੀ ਰਹਿੰਦੇ ਹਨ, ਉਹ ਲੋਕਾਂ ਦੇ ਉਮੀਦਵਾਰ ਹਨ।"*

**ਮੌਜੂਦਾ ਕੰਮ-ਧੰਦਾ:** ਐਕਸਪੀਡਿਟਰ

**ਪਿਛਲਾ ਕੰਮ-ਧੰਦਾ:** ਠੇਕੇਦਾਰ

**ਸਿੱਖਿਆ:** ਬੈਚਲਰ'ਸ ਡਿਗ੍ਰੀ, ਨਿਊ ਜਰਸੀ ਦੀ ਟਲਮੁਡੀਕਲ ਅਕੈਡਮੀ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਹੈਸ਼ੀ ਟਿਸ਼ਲਰ** ✓<br>ਰਿਪਬਲਿਕਨ | **ਕਲਮਾਨ ਯੈਗਰ*** ✓<br>ਰਿਪਬਲਿਕਨ |
|---|---|---|
| **ਅਪਰਾਧ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਮਹਿੰਗਾਈ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| **ਲੋਕਰਾਜ ਦੀ ਰਾਖੀ ਕਰਨਾ** | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਸਿਟੀ ਕੌਂਸਲ ਡਿਸਟ੍ਰਿਕਟ 45 ਅਤੇ 46 ਵਿੱਚ ਪ੍ਰਮੁੱਖ ਚੋਣਾਂ ਨਹੀਂ ਹਨ।

**ਪ੍ਰਮੁੱਖ ਚੋਣਾਂ ਉਦੋਂ ਹੀ ਹੁੰਦੀਆਂ ਹਨ, ਜਦੋਂ ਉਹਨਾਂ ਦੀ ਪਾਰਟੀ ਦੀ ਨਾਮਜ਼ਦਗੀ ਲਈ ਇੱਕ ਤੋਂ ਵੱਧ ਉਮੀਦਵਾਰ ਚੋਣ ਲੜਦੇ ਹਨ। ਹਾਲਾਂਕਿ, ਨਵੰਬਰ ਵਿੱਚ ਸਿਟੀ ਕੌਂਸਲ ਡਿਸਟ੍ਰਿਕਟ ਲਈ ਆਮ ਚੋਣਾਂ ਕਰਾਈਆਂ ਜਾਣਗੀਆਂ।**

## ਉਮੀਦਵਾਰ ਦੇ ਵੀਡੀਓ ਵੇਖੋ

ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।

**ਇੱਥੇ ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 47

**ਰਿਪਬਲਿਕਨ**

- ਅੰਨਾ ਬੈਲਫ਼ਿਓਰ-ਡੈਲਫ਼ੌਸ ✓
- ਐਰੀ ਕਾਗਾਨ ✓
- ਐਵਰੀ N ਪਰੇਰਾ ✓
- ਮਿਸ਼ੇਲ ਰਾਗੁਸਾ ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਅੰਨਾ ਬੈਲਫ਼ਿਓਰ-ਡੈਲਫ਼ੌਸ ✓

ਰਿਪਬਲਿਕਨ

**ਮੁੱਖ 3 ਮਸਲੇ:**

1. ਯੋਗਤਾ ਅਧਾਰਤ ਸਿੱਖਿਆ
2. ਜਨਤਕ ਸੁਰੱਖਿਆ.
3. ਜ਼ਿੰਦਗੀ ਦੇ ਸਮੁੱਚੇ ਮਿਆਰ ਨੂੰ ਬਿਹਤਰ ਬਣਾਉਣਾ।

*"ਅੰਨਾ ਬੈਲਫ਼ਿਓਰ-ਡੈਲਫ਼ੌਸ ਪੇਸ਼ੇ ਵਜੋਂ ਮੈਂ NYC ਪਬਲਿਕ ਸਕੂਲ ਵਿਸ਼ੇਸ਼ ਸਿੱਖਿਆ ਅਧਿਆਪਕ ਹਾਂ ਅਤੇ ਇਸ ਸਮੇਂ 3 ਬੱਚਿਆਂ ਨਾਲ ਘਰ ਵਿੱਚ ਰਹਿ ਰਹੀ ਮਾਂ ਹਾਂ।"*

**ਮੌਜੂਦਾ ਕੰਮ-ਧੰਦਾ:** ਘਰ ਵਿੱਚ ਰਹਿਣ ਵਾਲੀ ਮਾਂ

**ਪਿਛਲਾ ਕੰਮ-ਧੰਦਾ:** NYC ਪਬਲਿਕ ਸਕੂਲ ਵਿਸ਼ੇਸ਼ ਸਿੱਖਿਆ ਅਧਿਆਪਕ

**ਪੜ੍ਹਾਈ:** ਐਲੀਮੈਂਟਰੀ ਸਿੱਖਿਆ ਵਿੱਚ ਬੈਚਲਰ ਆੱਫ਼ ਆਰਟਸ, ਵਿਸ਼ੇਸ਼ ਸਿੱਖਿਆ ਵਿੱਚ ਡਬਲ ਮਾਸਟਰਸ ਡਿਗ੍ਰੀ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



## ਐਰੀ ਕਾਗਾਨ ✓

ਰਿਪਬਲਿਕਨ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਮੈਰਿਟ ਆਧਾਰਿਤ ਸਕੂਲੀ ਸਿੱਖਿਆ
3. ਸਵੱਛਤਾ

*"ਮੈਂ ਰਿਪਬਲਿਕਨ ਕੌਂਸਲਮੈਨ ਐਰੀ ਕਾਗਾਨ ਮੁੜ ਚੁਣੇ ਜਾਣ ਵਾਸਤੇ ਚੋਣ ਲੜ ਰਿਹਾ ਹਾਂ। ਮੈਂ ਬਿਨਾ ਪੈਸਿਆਂ ਦੇ ਅਤੇ ਅੰਗ੍ਰੇਜ਼ੀ ਤੋਂ ਬਿਨਾ 30 ਸਾਲ ਪਹਿਲਾਂ ਬੈਲਾਰੂਸ ਤੋਂ ਅਮਰੀਕਾ ਆਇਆ ਸੀ। ਹੁਣ ਮੈਂ ਤੁਹਾਡੇ ਕੌਂਸਲਮੈਨ ਵਜੋਂ ਆਪਣੇ ਅਮਰੀਕੀ ਸੁਫ਼ਨੇ ਲਈ ਜ਼ਿੰਦਗੀ ਗੁਜ਼ਾਰ ਰਿਹਾ ਹਾਂ। ਮੈਂ ਇੱਕ ਪਿਤਾ ਅਤੇ ਦੋ ਬੱਚਿਆਂ ਦਾ ਮਾਣਮੱਤਾ ਪਿਤਾ ਹਾਂ। ਮੈਂ ਦਿਨ ਦੌਰਾਨ ਕੰਮ ਕਰਦਿਆਂ ਅਤੇ ਰਾਤ ਨੂੰ ਪੜ੍ਹਦਿਆਂ ਬਰੂਖ ਕਾੱਲਿਜ ਤੋਂ ਗ੍ਰੈਜੁਏਸ਼ਨ ਕੀਤੀ ਸੀ। ਮੈਂ ਭਾਈਚਾਰੇ ਲਈ ਵਾੱਲੰਟਿਅਰਿੰਗ ਕਰਦਿਆਂ TV ਅਤੇ ਰੇਡੀਓ ਮੇਜ਼ਬਾਨ ਕੰਮ ਕਰ ਰਿਹਾ ਹਾਂ।*

*ਮੈਂ NYPD, ਯੋਗਤਾ-ਅਧਾਰਿਤ ਸਿੱਖਿਆ ਅਤੇ ਪਰਵਰਿਸ਼ ਦੀ ਚੋਣ ਦਾ ਮਜ਼ਬੂਤ ਹਿਮਾਇਤੀ ਹਾਂ। ਮੈਂ ਭਾਈਚਾਰਕ ਪ੍ਰੋਜੈਕਟਾਂ ਅਤੇ ਹਜ਼ਾਰਾਂ ਵੋਟਰਾਂ ਦੀ ਮਦਦ ਕਰਨ ਲਈ  ਡਾੱਲਰ ਦੇ ਸਕਦਾ ਸੀ।*

*ਮੈਂ 27ਨੂੰ ਪ੍ਰਾਇਮਰੀ ਚੋਣਾਂ ਵਿੱਚ ਤੁਹਾਡੀ ਵੋਟ ਲਈ ਕਹਿ ਰਿਹਾ ਹਾਂ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** TV & ਰੇਡੀਓ ਹੋਸਟ

**ਪੜ੍ਹਾਈ:** ਬਰੂਖ ਕਾੱਲਿਜ, ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿੱਚ ਬੈਚਲਰ

**ਸੰਸਥਾਗਤ ਸਬੰਧ:** ਵੈਰਾਗਾਨੋ ਰਿਪਬਲਿਕਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਡਿਸਟ੍ਰਿਕਟ ਡਾਇਰੈਕਟਰ, CD 47

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



## ਐਵਰੀ N ਪਰੇਰਾ ✓

ਰਿਪਬਲਿਕਨ

**ਮੁੱਖ 3 ਮਸਲੇ:**

1. ਜੀਵਨ ਦੀ ਅਪਰਾਧ ਗੁਣਵੱਤਾ
2. ਆਰਥਿਕ ਸਮਰੱਥਾ
3. ਸਿੱਖਿਆ ਅਤੇ ਸੀਨੀਅਰਜ਼

*"ਮੈਂ ਸਿਟੀ ਕੌਂਸਲ ਲਈ ਚੋਣ ਲੜ ਰਿਹਾ ਹਾਂ, ਕਿਉਂਕਿ ਸਾਨੂੰ ਅਸਲ ਤਬਦੀਲੀ ਅਤੇ ਨਵੀਂ ਲੀਡਰਸ਼ਿਪ ਚਾਹੀਦੀ ਹੈ। ਸਾਡਾ C"*

**ਮੌਜੂਦਾ ਕੰਮ-ਧੰਦਾ:** ਟੀਚਰ

**ਪਿਛਲਾ ਕੰਮ-ਧੰਦਾ:** ਸਲਾਹਕਾਰ

**ਪੜ੍ਹਾਈ:** BA, MA

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਡਿਸਟ੍ਰਿਕਟ ਲੀਡਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



## ਮਿਸ਼ੇਲ ਰਾਗੁਸਾ

ਰਿਪਬਲਿਕਨ

**ਮੁੱਖ 3 ਮਸਲੇ:**

1. ਅਪਰਾਧ
2. ਬੇਘਰਤਾ
3. ਸਿੱਖਿਆ

*"ਜ਼ਮਾਨਤ ਸੁਧਾਰ ਅਤੇ ਆ ਰਹੇ ਪ੍ਰਵਾਸੀਆਂ ਕਰਕੇ ਸ਼ਹਿਰ ਕੰਟਰੋਲ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਸਾਡੀਆਂ ਸੜਕਾਂ 'ਤੇ ਲਗਭਗ 80,000 ਹਜ਼ਾਰ ਨਵੇਂ ਨਿਊਯਾਰਕ ਵਸਨੀਕ ਸੜਕਾਂ 'ਤੇ ਰਹਿ ਰਹੇ ਹਨ, ਪਰ ਅਜੇ ਵੀ ਮੌਜੂਦਾ ਕੌਂਸਲ ਉਹਨਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। FDNY EMT ਵਜੋਂ ਮੈਂ ਨਿਊਯਾਰਕ ਦੇ ਸਾਰੇ ਵਸਨੀਕਾਂ ਦੀ ਸੇਵਾ ਕੀਤੀ ਹੈ, ਭਾਵੇਂ ਉਹ ਕਿਸੇ ਵੀ ਆਸਥਾ, ਰੰਗ ਜਾਂ ਲਿੰਗ ਦਾ ਹੈ। ਮੈਨੂੰ ਪਤਾ ਹੈ ਕਿ ਨਿਊਯਾਰਕ ਦੇ ਅਸਲ ਵਸਨੀਕ ਕੀ ਚਾਹੁੰਦੇ ਹਨ ਅਤੇ ਇਹ ਇਸ ਸ਼ਹਿਰ ਦੀ ਮੌਜੂਦਾ ਸਥਿਤੀ ਨਹੀਂ ਹੈ। ਜੇ ਚੁਣਿਆ ਜਾਂਦਾ ਹਾਂ, ਤਾਂ ਆਪਣੀ ਡਿਸਟ੍ਰਿਕਟ ਨੂੰ ਬਿਹਤਰ ਬਣਾਉਣ ਲਈ ਸ਼ਹਿਰ ਦੇ ਮੌਜੂਦਾ ਮੁਲਾਜ਼ਮ ਵਜੋਂ ਆਪਣੇ ਸ੍ਰੋਤਾਂ ਦੀ ਵਰਤੋਂ ਕਰਾਂਗਾ।"*

**ਮੌਜੂਦਾ ਕੰਮ-ਧੰਦਾ:** ਸੁਧਾਰ ਕਰਨ ਵਾਲੀਆਂ ਸਿਹਤ ਸੇਵਾਵਾਂ ਲਈ ਪੜਤਾਲਕਰਤਾ

**ਪਿਛਲਾ ਕੰਮ-ਧੰਦਾ:** FDNY EMT

**ਪੜ੍ਹਾਈ:** ਹਾਈ ਸਕੂਲ

**ਸੰਸਥਾਗਤ ਸਬੰਧ:** ਫ੍ਰਾਇਰਸ ਕਲੱਬ, LEGA

**ਪਹਿਲਾਂ ਦਾ ਸਰਕਾਰੀ ਅਨੁਭਵ:** ਸ਼ਹਿਰੀ ਮੁਲਾਜ਼ਮ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰਾਂ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਅੰਨਾ ਬੈਲਫ਼ਿਓਰ-ਡੈਲਫ਼ੌਸ** ✓<br>ਰਿਪਬਲਿਕਨ | **ਐਰੀ ਕਾਗਾਨ** ✓<br>ਰਿਪਬਲਿਕਨ |
|---|---|---|
| **ਅਪਰਾਧ** | ਮੈਂ ਕਾਨੂੰਨ ਲਾਗੂ ਕਰਨ ਦੀ ਸਮਰਥਕ ਹਾਂ ਅਤੇ ਕਦੇ ਵੀ ਪੁਲਿਸ ਨੂੰ ਬਚਾਉਣ ਲਈ ਕਾਲ ਨਹੀਂ ਕਰਾਂਗੀ। ਸਾਡਾ ਸ਼ਹਿਰ ਇਸ ਮੁਕਾਮ 'ਤੇ ਪਹੁੰਚ ਗਿਆ ਹੈ ਕਿ ਜਨਤਕ ਸੁਰੱਖਿਆ ਹੁਣ ਹਰ ਕਿਸੇ ਨੂੰ ਪ੍ਰਭਾਵਿਤ ਕਰ ਰਹੀ ਹੈ। ਜੀਵਨ ਦੇ ਹਰ ਖੇਤਰ ਦੇ ਲੋਕਾਂ 'ਤੇ ਹਮਲਾ ਕੀਤਾ ਜਾ ਰਿਹਾ ਹੈ, ਅਤੇ ਦਿਨ ਦੇ ਹਰ ਸਮੇਂ। NYPD ਨੂੰ ਆਪਣਾ ਕੰਮ ਕਰਨ ਦੇ ਯੋਗ ਹੋਣਾ ਚਾਹੀਦਾ ਹੈ। | ਮੈਂ NYPD ਅਤੇ ਕਾਨੂੰਨ ਲਾਗੂ ਕਰਨ ਦਾ ਇੱਕ ਮਜ਼ਬੂਤ ਸਮਰਥਕ ਹਾਂ। ਅਪਰਾਧੀਆਂ ਨੂੰ ਆਪਣੇ ਕੰਮਾਂ ਦੇ ਨਤੀਜੇ ਭੁਗਤਣੇ ਚਾਹੀਦੇ ਹਨ। ਸਾਨੂੰ ਨੌਜਵਾਨਾਂ ਦੇ ਪ੍ਰੋਗਰਾਮਾਂ, ਕਿੱਤਾਮੁਖੀ ਸਿਖਲਾਈ ਅਤੇ ਕਰੀਅਰ ਕੋਚਿੰਗ ਲਈ ਫੰਡ ਦੇਣ ਦੀ ਲੋੜ ਹੈ। |
| **ਮਹਿੰਗਾਈ** | ਮਹਿੰਗਾਈ ਨੇ ਹਰ ਮੱਧ ਅਤੇ ਘੱਟ ਆਮਦਨ ਵਾਲੇ ਨਿਊਯਾਰਕ ਵਾਸੀ ਨੂੰ ਮਾਰਿਆ ਹੈ। ਜਦੋਂ ਲੋਕ ਕਰਿਆਨੇ ਦਾ ਸਮਾਨ ਖਰੀਦਣ ਅਤੇ ਵੱਧਦੀਆਂ ਲਾਗਤਾਂ ਕਾਰਨ ਆਪਣੇ ਜ਼ਰੂਰੀ ਬਿੱਲਾਂ ਦਾ ਭੁਗਤਾਨ ਕਰਨ ਲਈ ਸੰਘਰਸ਼ ਕਰਦੇ ਹਨ, ਤਾਂ ਇਹ ਦੱਸਦਾ ਹੈ ਕਿ ਅਸੀਂ ਇੱਕ ਆਉਣ ਵਾਲੇ ਸੰਕਟ ਵਿੱਚ ਹਾਂ। | ਸਾਨੂੰ ਟੈਕਸਦਾਤਾਵਾਂ ਦੇ ਪੈਸੇ ਨੂੰ ਸਮਝਦਾਰੀ ਨਾਲ ਬਰਬਾਦੀ, ਧੋਖਾਧੜੀ ਅਤੇ ਦੁਰਵਿਵਹਾਰ ਨਾਲ ਲੜਨ ਦੀ ਲੋੜ ਹੈ। ਸਾਨੂੰ ਬਹੁਤ ਜ਼ਿਆਦਾ ਉਪਯੋਗੀ ਲਾਗਤਾਂ, ਬੇਲੋੜੀ ਫੀਸਾਂ ਅਤੇ ਪ੍ਰਾਪਰਟੀ ਟੈਕਸਾਂ ਨੂੰ ਘਟਾਉਣ ਦੀ ਜ਼ਰੂਰਤ ਹੈ, ਜਿਸ ਨਾਲ ਛੋਟੇ ਕਾਰੋਬਾਰਾਂ ਲਈ ਸਫ਼ਲ ਹੋਣਾ ਆਸਾਨ ਹੋ ਜਾਵੇਗਾ। ਮੈਂ ਕੰਜੈਸ਼ਨ ਪ੍ਰਾਈਸਿੰਗ ਦੇ ਵਿਰੁੱਧ ਹਾਂ ਜੋ ਕੰਮ ਕਰਨ ਵਾਲੇ ਨਿਊ ਯਾਰਕ ਵਾਸੀਆਂ 'ਤੇ ਇਕ ਹੋਰ ਟੈਕਸ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਸਾਡੇ ਦੇਸ਼ ਦੀ ਸਥਾਪਨਾ ਲੋਕਤੰਤਰ ਦੀ ਨੀਂਹ 'ਤੇ ਹੋਈ ਸੀ। ਲੋਕਤੰਤਰ ਨੂੰ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਅਸੀਂ ਇੱਕ ਮਾਡਲ ਪ੍ਰਣਾਲੀ ਲਈ ਗਲੋਬਲ ਸਟੈਂਡਰਡ ਨਿਰਧਾਰਤ ਕਰਦੇ ਹਾਂ। ਸਾਡਾ ਦੇਸ਼ ਵਿਚਾਰਾਂ ਦੇ ਮਤਭੇਦ ਨੂੰ ਪ੍ਰਗਟ ਕਰਨ ਦੇ ਯੋਗ ਹੋਣ ਤੋਂ ਵੱਧਦਾ ਹੈ, ਅਤੇ ਇਹ ਬਹੁਤ ਹੀ ਸੰਤੁਲਨ ਬਣਾਉਂਦਾ ਹੈ ਜੋ ਸਫਲਤਾ ਦਾ ਗਠਨ ਕਰਦਾ ਹੈ। | ਸਾਨੂੰ ਵੋਟਰਾਂ ਦੀ ਧੋਖਾਧੜੀ ਨੂੰ ਰੋਕਣ, ਅਯੋਗ ਵੋਟਰਾਂ ਤੋਂ ਵੋਟਰ ਸੂਚੀਆਂ ਨੂੰ ਸਾਫ਼ ਕਰਨ, ਵੋਟਾਂ ਪੈਣ ਦੀ ਥਾਂ 'ਤੇ ਆਈਡੀ ਦੀ ਲੋੜ ਅਤੇ ਬਿਹਤਰ ਨਾਗਰਿਕ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। |

| **ਐਵਰੀ N ਪਰੇਰਾ** ✓<br>ਰਿਪਬਲਿਕਨ | **ਮਿਸ਼ੇਲ ਰਾਗੁਸਾ** ✓<br>ਰਿਪਬਲਿਕਨ |
|---|---|
| ਸੁਰੱਖਿਅਤ ਆਂਢ-ਗੁਆਂਢ। NYPD ਲਈ ਫੰਡਿੰਗ ਵਧਾਓ ਅਤੇ ਸਾਡੀ ਪੁਲਿਸ ਦਾ ਆਦਰ ਕਰੋ। ਨਕਦ ਰਹਿਤ ਜ਼ਮਾਨਤ ਨੂੰ ਰੱਦ ਕਰਨ ਲਈ ਅਲਬੇਨੀ ਪ੍ਰਾਪਤ ਕਰੋ। | ਮੈਂ ਰਾਈਕਰਸ ਆਈਲੈਂਡ ਦੇ ਫਰੰਟਲਾਈਨਾਂ 'ਤੇ ਕੰਮ ਕਰਦਾ ਹਾਂ। ਜ਼ਮਾਨਤ ਸੁਧਾਰ ਨੇ ਇਸ ਸ਼ਹਿਰ ਨੂੰ ਬਰਬਾਦ ਕਰ ਦਿੱਤਾ ਹੈ ਅਤੇ ਇਸ ਦੇ ਬਦਲਣ ਦਾ ਸਮਾਂ ਹੈ। NYPD ਨੂੰ ਬਿਨਾਂ ਛਾਣਬੀਣ ਅਧੀਨ ਆਏ ਆਪਣਾ ਕੰਮ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਇਹ ਸ਼ਹਿਰ 8 ਸਾਲਾਂ ਲਈ ਮੇਅਰ ਡੀ ਬਲਾਸੀਓ ਦੀ ਅਗਵਾਈ ਵਿੱਚ ਕੰਟਰੋਲ ਤੋਂ ਬਾਹਰ ਹੋ ਗਿਆ। |
| ਮਹਿੰਗਾਈ ਨੇ ਮਜ਼ਦੂਰ ਵਰਗ ਮੱਧ ਵਰਗ ਦੇ ਪਰਿਵਾਰਾਂ ਨੂੰ ਤਬਾਹ ਕਰ ਦਿੱਤਾ ਹੈ। ਵਿਅਰਥ ਫਾਲਤੂ ਖਰਚ ਮਦਦ ਨਹੀਂ ਕਰ ਰਿਹਾ। ਮੇਰੇ ਕੋਲ ਮਹਿੰਗਾਈ ਦਾ ਮੁਕਾਬਲਾ ਕਰਨ ਲਈ ਇੱਕ ਵਿਆਪਕ ਯੋਜਨਾ ਹੈ ਜਿਸ ਵਿੱਚ ਛੋਟੇ ਕਾਰੋਬਾਰਾਂ ਦੀ ਮਦਦ ਕਰਨਾ ਅਤੇ ਏਕਾਧਿਕਾਰੀਆਂ ਦੁਆਰਾ ਦੁਰਵਿਵਹਾਰ ਨੂੰ ਤੋੜਨਾ ਸ਼ਾਮਲ ਹੈ। | ਸਾਰੇ ਨਿਊਯਾਰਕ ਵਾਸੀਆਂ ਨੂੰ ਰਾਹਤ ਪ੍ਰਦਾਨ ਕਰਨ ਲਈ ਸਾਨੂੰ ਆਪਣੇ ਰਾਜ ਅਤੇ ਫੈਡਰਲ ਵਿਧਾਇਕਾਂ ਨਾਲ ਕੰਮ ਕਰਨ ਦੀ ਲੋੜ ਹੈ। ਲੋਕ ਫਲੋਰੀਡਾ ਲਈ ਇਸ ਮਹਾਨ ਸ਼ਹਿਰ ਅਤੇ ਰਾਜ ਨੂੰ ਛੱਡ ਰਹੇ ਹਨ, ਸਾਨੂੰ ਉਨ੍ਹਾਂ ਨੂੰ ਵਾਪਸ ਲਿਆਉਣ ਦੀ ਲੋੜ ਹੈ। |
| ਵੋਟਿੰਗ ਅਤੇ ਡੈਮੋਕ੍ਰੇਟਿਕ ਪ੍ਰਕਿਰਿਆ ਵਿੱਚ ਭਾਗੀਦਾਰੀ ਪਵਿੱਤਰ ਹੈ। ਸਾਨੂੰ ਵੋਟਰ ਆਈਡੀ ਦੀ ਲੋੜ ਹੈ। | ਬਹੁਤੇ ਲੋਕ ਰਿਪਬਲਿਕਨ ਨੂੰ 6 ਜਨਵਰੀ ਨਾਲ ਜੋੜਦੇ ਹਨ ਅਤੇ ਇਹ ਸ਼ਰਮਨਾਕ ਹੈ। ਸਾਡੇ ਵਿੱਚੋਂ ਬਹੁਤ ਸਾਰੇ ਅਜਿਹੇ ਹਨ ਜੋ ਵਿਸ਼ਵਾਸ ਕਰਦੇ ਹਨ ਕਿ ਉਹ ਦਿਨ ਕਦੇ ਨਹੀਂ ਹੋਣਾ ਚਾਹੀਦਾ ਸੀ, ਅਤੇ ਸਾਨੂੰ ਸਾਡੇ ਵੋਟਰਾਂ ਦੁਆਰਾ ਕੀਤੀ ਗਈ ਚੋਣ ਦੇ ਨਾਲ ਰਹਿਣ ਦੀ ਲੋੜ ਹੈ। ਇਹੀ ਇਸ ਦੇਸ਼ ਨੂੰ ਮਹਾਨ ਬਣਾਉਂਦਾ ਹੈ। |

# ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨੀ

ਸਾਡੀ ਔਨਲਾਈਨ ਪ੍ਰੈਕਟਿਸ ਵਾਲ਼ੀ ਵੋਟ-ਪਰਚੀ 'ਤੇ ਆਪਣੀ ਪਸੰਦ ਦੀ ਰੈਂਕਿੰਗ ਦੀ ਕੋਸ਼ਿਸ਼ ਕਰੋ! ਜੇ ਤੁਹਾਡੀ ਵੋਟ-ਪਰਚੀ ਸਹੀ ਢੰਗ ਨਾਲ ਭਰੀ ਗਈ ਹੈ ਜਾਂ ਜੇ ਤੁਹਾਡੇ ਤੋਂ ਗ਼ਲਤੀ ਹੋਈ ਹੈ, ਤਾਂ ਉਸ ਨੂੰ ਕਿਵੇਂ ਦਰੁਸਤ ਕਰੋ, ਬਾਰੇ ਅਸੀਂ ਤੁਹਾਨੂੰ ਦੱਸਾਂਗੇ।

ਇੱਥੇ ਸਕੈਨ ਕਰੋ ਜਾਂ **punjabi.nycvotes.org/practice-ballot** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 48

**ਰਿਪਬਲਿਕਨ**

- ਇਗੋਰ ਕਜ਼ਾਤਸਕਰ ✓
- ਇੰਨਾ ਵੈਰਨੀਕੋਫ਼ ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 45 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਇਗੋਰ ਕਜ਼ਾਤਸਕਰ ✓

ਰਿਪਬਲਿਕਨ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਦੀਆਂ ਭਾਵਨਾਵਾਂ ਵਿੱਚ ਸੁਧਾਰ ਕਰੋ
2. ਘੱਟ ਗੱਲਬਾਤ, ਵਧੇਰੇ ਸਾਫ਼ ਗਲੀਆਂ
3. 48 ਵਿੱਚ ਮਹਾਨ ਛੋਟੇ ਕਾਰੋਬਾਰ

*"ਸਿਰਫ਼ 'ਗੱਲਾਂ ਕਰਨ ਵਾਲਿਆਂ' ਨੂੰ ਬਾਹਰ ਕਰੋ, 'ਕੰਮ ਕਰਨ ਵਾਲੇ ਲੋਕਾਂ' ਨਾਲ ਜੁੜੋ।"*

**ਮੌਜੂਦਾ ਕੰਮ-ਧੰਦਾ:** ਰਸ਼ੀਅਨ ਪ੍ਰੋਮੋਸ਼ਨ ਕਾੱਰਪੋਰੇਸ਼ਨ, ਪ੍ਰਧਾਨ

**ਪਿਛਲਾ ਕੰਮ-ਧੰਦਾ:** ਇੰਜੀਨੀਅਰ; ਪੱਤਰਕਾਰ; ਕੇਸ ਮੈਨੇਜਰ; ਇਮੀਗ੍ਰੇਸ਼ਨ ਪੈਰਾਲੀਗਲ; ਰੀਕ੍ਰਿਏਸ਼ਨਲ ਥੈਰੇਪਿਸਟ

**ਸਿੱਖਿਆ:** ਮਕੈਨੀਕਲ ਇੰਜੀਨੀਅਰ; ਪੱਤਰਕਾਰ

**ਸੰਸਥਾਗਤ ਸਬੰਧ:** ਓਡੈਸਾ ਕਮਿਊਨਿਟੀ ਆੱਫ਼ ਨਿਊਯਾਰਕ, ਪ੍ਰਧਾਨ; ਸਾਬਕਾ USSR ਤੋਂ ਯਹੂਦੀਆਂ ਦੀ ਅਮਰੀਕਨ ਐਸੋਸੀਏਸ਼ਨ, ਉਪ-ਪ੍ਰਧਾਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਰੂਸੀ ਰੇਡੀਓ 'ਤੇ ਰੋਜ਼ਾਨਾ ਪ੍ਰੋਗਰਾਮ "ਨਿਊਯਾਰਕ ਸਿਟੀ ਨਿਊਜ਼" ਦਾ ਮੇਜ਼ਬਾਨ, ਰੇਡੀਓ ਸੁਣਨ ਵਾਲਿਆਂ ਨਾਲ ਘੁਲ-ਮਿਲਕੇ ਗੱਲ ਕਰਦਾ ਸੀ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



*"ਮੈਨੂੰ ਸਿਟੀ ਕੌਂਸਲ ਵਿੱਚ ਆਪਣੀ ਪਹਿਲੀ ਮਿਆਦ ਦੌਰਾਨ ਭਾਈਚਾਰੇ ਲਈ ਆਪਣੇ ਕਈ ਟੀਚੇ ਪੂਰੇ ਕਰਨ ਵਿੱਚ ਮਦਦ ਕਰਨ ਲਈ ਬਿਹਤਰੀਨ ਭਾਈਵਾਲਾਂ ਨਾਲ ਕੰਮ ਕਰਨ ਦਾ ਮਾਣ ਮਿਲਿਆ ਹੈ। ਮੈਂ ਮੁੜ ਚੁਣੇ ਜਾਣ ਲਈ ਫਿਰ ਤੋਂ ਚੋਣ ਲੜ ਰਿਹਾ ਹਾਂ, ਕਿਉਂਕਿ ਅਜੇ ਵੀ ਬਹੁਤ ਸਾਰਾ ਕੰਮ ਕਰਨ ਵਾਲਾ ਹੈ ਅਤੇ ਕਈ ਟੀਚੇ ਪੂਰੇ ਕਰਨੇ ਹਨ।"*

## ਇੰਨਾ ਵੈਰਨੀਕੌਫ਼ ✓

ਰਿਪਬਲਿਕਨ

**ਮੁੱਖ 3 ਮਸਲੇ:**

1. ਅਪਰਾਧੀਆਂ ਨੂੰ ਬਚਾਉਣ ਤੋਂ ਪਹਿਲਾਂ ਨਾਗਰਿਕਾਂ ਦੀ ਰੱਖਿਆ ਕਰਨਾ
2. ਹਰ ਤਰ੍ਹਾਂ ਦੇ ਵਿਤਕਰੇ ਨਾਲ ਲੜਨਾ
3. ਛੋਟੇ ਕਾਰੋਬਾਰਾਂ ਦਾ ਸਮਰਥਨ ਕਰਨਾ

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ, ਮਾਇਨੌਰਿਟੀ ਵਿਪ

**ਪਿਛਲਾ ਕੰਮ-ਧੰਦਾ:** ਅਟਾੱਰਨੀ

**ਸਿੱਖਿਆ:** ਨੈਫ਼ੇਸ ਅਕੈਡਮੀ, ਬਰੂਖ ਕਾੱਲਿਜ, ਜੂਰਿਸ ਡਾੱਕਟ੍ਰੇਟ

**ਸੰਸਥਾਗਤ ਸਬੰਧ:** ਏਸ਼ੀਅਨ ਕਮਿਊਨਿਟੀ ਵਾੱਚ, ਸੈਮੇਟਿਕ ਵਿਰੋਧੀ ਵਿਚਾਰਧਾਰਾ, ਲੀਜਨ ਸੈਲਫ਼-ਡਿਫ਼ੈਂਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਸਿਟੀ ਕੌਂਸਲ ਮੈਂਬਰ ਐਂਡ ਮਾਇਨੌਰਿਟੀ ਵਿਪ; ਸਾਬਕਾ ਅਸੈਂਬਲੀਮੈਨ ਡੌਵ ਹਾਇਕਿੰਡ ਦੇ ਵਿਸ਼ੇਸ਼ ਸਹਾਇਕ; ਸਾਬਕਾ ਸਟੇਟ ਸੈਨੇਟਰ ਡੇਵਿਡ ਸਟੋਰੋਬਿਨ ਦੇ ਚੋਣ-ਪ੍ਰਚਾਰ ਬਾਰੇ ਸਹਾਇਕ ਮੈਨੇਜਰ; ਚੇਅਰ ਆੱਫ਼ ਵੂਮੈਨ'ਸ ਕਮੇਟੀ ਫ਼ੌਰ ਅਮਰੀਕਨ ਅਗੇਨਸਟ ਐਂਟੀ-ਸੈਮੀਟਿਜ਼ਮ; ਚੇਅਰ ਆੱਫ਼ ਲੀਜਨ ਸੈਲਫ਼-ਡਿਫ਼ੈਂਸ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ? ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ punjabi.nycvotes.org/plan-your-ballot 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਇਗੋਰ ਕਜ਼ਾਤਸਕਰ** ✓<br>ਰਿਪਬਲਿਕਨ | **ਇੰਨਾ ਵੈਰਨੀਕੌਫ਼** ✓<br>ਰਿਪਬਲਿਕਨ |
|---|---|---|
| **ਅਪਰਾਧ** | ਇਹ ਮਹੱਤਵਪੂਰਨ ਹੈ ਕਿ ਹਰ ਨਿਊ ਯਾਰਕ ਵਾਸੀ ਹਰ ਜਗ੍ਹਾ ਸੁਰੱਖਿਅਤ ਮਹਿਸੂਸ ਕਰੇ - ਘਰ ਵਿੱਚ, ਸੜਕਾਂ 'ਤੇ, ਸਬਵੇਅ 'ਤੇ। ਸਾਨੂੰ ਲੋੜੀਂਦੇ ਪੁਲਿਸ ਅਧਿਕਾਰੀਆਂ ਦੁਆਰਾ ਗਸ਼ਤ ਕਰਨ ਦੀ ਲੋੜ ਹੈ। ਸਾਨੂੰ ਸਮਾਜ ਵਿੱਚ ਹਰ ਥਾਂ ਇੱਕ ਸਮਾਨ ਦੇਖਣ ਦੀ ਲੋੜ ਹੈ ਅਤੇ ਸਾਨੂੰ ਅਪਰਾਧੀਆਂ ਨੂੰ ਜੇਲ੍ਹ ਵਿੱਚ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। | ਸਾਨੂੰ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ ਦੀ ਰੱਖਿਆ ਕਰਨੀ ਚਾਹੀਦੀ ਹੈ, ਹਿੰਸਕ ਅਪਰਾਧੀਆਂ ਦੀ ਨਹੀਂ। ਜ਼ਮਾਨਤ-ਸੁਧਾਰ ਇੱਕ ਲਾਪਰਵਾਹੀ ਵਾਲੀ ਨੀਤੀ ਹੈ ਜੋ ਵਧੇਰੇ ਹਿੰਸਾ ਵੱਲ ਲੈ ਜਾਂਦੀ ਹੈ। ਮੈਂ ਦੂਸਰੀ ਸੰਭਾਵਨਾਵਾਂ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਉਹਨਾਂ ਪ੍ਰੋਗਰਾਮਾਂ ਦੀ ਪ੍ਰਸ਼ੰਸਾ ਕਰਦਾ ਹਾਂ ਜੋ ਪਹਿਲਾਂ ਕੈਦ ਕੀਤੇ ਗਏ ਲੋਕਾਂ ਨੂੰ ਸਮਾਜ ਵਿੱਚ ਦੁਬਾਰਾ ਜੋੜਦੇ ਹਨ ਪਰ ਅਸੀਂ ਸਿਰਫ ਨਤੀਜਿਆਂ ਨੂੰ ਛੱਡ ਨਹੀਂ ਸਕਦੇ। |
| **ਮਹਿੰਗਾਈ** | ਸ਼ਹਿਰ ਦੀ ਆਰਥਿਕਤਾ 'ਤੇ ਮਹਿੰਗਾਈ ਦੇ ਪ੍ਰਭਾਵ ਨੂੰ ਦੇਖਦੇ ਹੋਏ ਕੌਂਸਲ ਟੈਕਸਾਂ, ਫੀਸਾਂ ਅਤੇ ਜੁਰਮਾਨਿਆਂ ਨੂੰ ਘਟਾ ਕੇ ਅਤੇ ਨੌਕਰਸ਼ਾਹੀ ਨੂੰ ਘਟਾ ਕੇ ਔਸਤ ਨਿਊਯਾਰਕ ਦੇ ਬਚਾਅ ਲਈ ਆ ਸਕਦੀ ਹੈ। ਇਸ ਤਰ੍ਹਾਂ, ਕੌਂਸਲ ਵਧੇਰੇ ਕੁਸ਼ਲ, ਵਧੇਰੇ ਕਿਫ਼ਾਇਤੀ ਲੋੜੀਂਦੀਆਂ ਸਰਕਾਰੀ ਸੇਵਾਵਾਂ ਨੂੰ ਸੁਰੱਖਿਅਤ ਕਰ ਸਕਦੀ ਹੈ। | ਮਹਿੰਗਾਈ ਗੈਰ-ਜ਼ਿੰਮੇਵਾਰ ਨੀਤੀ ਫੈਸਲਿਆਂ ਦਾ ਅਨੁਮਾਨਤ ਨਤੀਜਾ ਹੈ: ਆਰਥਿਕਤਾ ਵਿੱਚ ਵਾਧੂ ਪੈਸਾ ਡੋਲ੍ਹਣਾ; ਛੋਟੇ ਕਾਰੋਬਾਰ ਨੂੰ ਸਕਵੈਜ਼ਿੰਗ; ਲਾਪਰਵਾਹੀ ਨਾਲ ਖਰਚੇ ਅਤੇ ਬੇਲਗਾਮ ਮਹਿੰਗਾਈ ਨੇ ਹੇਠਾਂ ਤੋਂ ਉੱਪਰ ਤੱਕ ਸਾਰਿਆਂ ਨੂੰ ਨੁਕਸਾਨ ਪਹੁੰਚਾਇਆ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਅਮਰੀਕਾ ਦਾ ਸ਼ਾਨਦਾਰ ਜੀਵਨ ਢੰਗ ਲੋਕਤੰਤਰ ਦੀ ਬੁਨਿਆਦ ਨਾਲ ਜੁੜਿਆ ਹੋਇਆ ਹੈ। ਕੌਂਸਲ ਨੂੰ ਉਨ੍ਹਾਂ ਆਜ਼ਾਦੀਆਂ 'ਤੇ ਕਦੇ ਵੀ ਕਬਜ਼ਾ ਨਹੀਂ ਕਰਨਾ ਚਾਹੀਦਾ ਜੋ ਸਾਡੇ ਲੋਕਤੰਤਰ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਇਸ ਨੂੰ ਇਹ ਯਕੀਨੀ ਬਣਾਉਣ ਲਈ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਕਿ ਨਿਊ ਯਾਰਕ ਵਾਸੀ ਆਪਣੀ ਜ਼ਿੰਦਗੀ ਉਸ ਤਰੀਕੇ ਨਾਲ ਜਿਉਣ ਜਿਵੇਂ ਸਾਡਾ ਸੰਵਿਧਾਨ ਗਾਰੰਟੀ ਦਿੰਦਾ ਹੈ। | ਮੈਂ ਕਮਿਊਨਿਜ਼ਮ ਤੋਂ ਬਚਣ ਅਤੇ ਅਮਰੀਕੀ ਸੁਪਨੇ ਵਿੱਚ ਹਿੱਸਾ ਲੈਣ ਲਈ ਸਾਬਕਾ ਸੋਵੀਅਤ ਯੂਨੀਅਨ ਤੋਂ NYC ਵਿੱਚ ਆਵਾਸ ਕੀਤਾ: ਸਖ਼ਤ ਮਿਹਨਤ ਕਰੋ, ਪੈਸਾ ਕਮਾਓ, ਅਤੇ ਖੁੱਲ੍ਹ ਕੇ ਜੀਓ। ਸਾਡੇ ਮੌਜੂਦਾ ਨੇਤਾ ਸਾਡੇ ਉਨ੍ਹਾਂ ਬੁਨਿਆਦੀ ਅਧਿਕਾਰਾਂ 'ਤੇ ਡਾਕਾ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਕਾਰਨ ਮੈਂ ਰਾਜਨੀਤੀ ਵਿਚ ਆਇਆ ਹਾਂ। |

# ਫ਼ੌੱਲੋ ਕਰੋ NYC Votes

ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ੌੱਲੋ ਕਰ ਸਕਦੇ ਹੋ

**@nycvotes**

# NYC Votes ਬਾਰੇ

**ਇੱਕ ਸੁਤੰਤਰ ਸਿਟੀ ਏਜੰਸੀ, ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਹੈ, ਦੀ ਇੱਕ ਪਹਿਲ NYC Votes ਹੈ, ਜੋ ਸਥਾਨਕ ਚੋਣਾਂ ਨੂੰ ਨਿਰਪੱਖ, ਸਮੁੱਚੇ ਅਤੇ ਸਪਸ਼ਟ ਤਰੀਕੇ ਨਾਲ ਕਰਾਉਣ ਨੂੰ ਯਕੀਨੀ ਬਣਾਉਂਦੀ ਹੈ।**

ਅਸੀਂ ਵੋਟਰਾਂ ਅਤੇ ਉਮੀਦਵਾਰਾਂ ਵਿਚਕਾਰ ਇੱਕੋ ਜਿਹੀ ਭਾਈਵਾਲੀ ਨੂੰ ਉਤਸਾਹ ਦਿੰਦੇ ਹਾਂ, ਤਾਂਜੋ ਸਾਡੇ ਚੁਣੇ ਗਏ ਅਧਿਕਾਰੀ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਹੱਲ ਕਰਨ ਅਤੇ ਵੋਟਰਾਂ ਦੇ ਮਸਲੇ ਸੁਲਝਾਉਣ।

ਇੰਜ ਅਸੀਂ ਨਿਊ ਯਾਰਕ ਦੇ ਵਸਨੀਕਾਂ, ਜਿਹਨਾਂ ਵਲੋਂ ਵੋਟ ਪਾਉਣ ਦੀ ਸੰਭਾਵਨਾ ਘੱਟ ਹੀ ਹੈ, ਨੂੰ ਮਜ਼ਬੂਤ ਕਰਨ ਲਈ ਕਰਦੇ ਹਾਂ, ਦਫ਼ਤਰ ਲਈ ਚੋਣ ਲੜਣ ਦੇ ਅੜਿੱਕਿਆਂ ਨੂੰ ਘੱਟ ਕਰਦੇ ਹਾਂ ਅਤੇ ਆਪਣੇ ਚੋਣ-ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਹੱਲ ਕੱਢਣ ਦੀ ਪੇਸ਼ਕਸ਼ ਕਰਦੇ ਹਾਂ। NYC Votes ਸ਼ਹਿਰ ਭਰ ਵਿਚਲੇ ਵੋਟਰਾਂ ਨੂੰ ਰਜਿਸਟਰ ਕਰਨ, ਸਿੱਖਿਅਤ ਕਰਨ ਅਤੇ ਸ਼ਾਮਿਲ ਕਰਨ ਲਈ ਭਾਈਚਾਰਕ ਸੰਸਥਾਵਾਂ, ਵਾੱਲੰਟੀਅਰਾਂ ਅਤੇ ਸ਼ਹਿਰ ਦੀਆਂ ਹੋਰਨਾਂ ਏਜੰਸੀਆਂ ਨਾਲ ਭਾਈਵਾਲੀ ਕਰਦੀ ਹੈ। ਸਾਡਾ ਉਦੇਸ, ਸਾਡੀਆਂ ਚੋਣਾਂ ਕਿਵੇਂ ਕੰਮ ਕਰਦੀਆਂ ਹਨ ਅਤੇ ਉਹ ਅਹਿਮ ਕਿਉਂ ਹਨ, ਇਸ ਬਾਰੇ ਦਿਆਨਤਦਾਰੀ ਨਾਲ ਵਿਚਾਰ-ਵਟਾਂਦਰਾ ਕਰਕੇ ਨਿਊ ਯਾਰਕ ਦੇ ਸਾਰੇ ਵਸਨੀਕਾਂ ਵਿਚਕਾਰ ਚੋਣ ਅਮਲ ਦੀ ਵੱਡੀ ਸਮਝ ਬਣਾਉਣੀ ਹੈ।

1988 ਵਿੱਚ ਸਥਾਪਿਤ ਕੀਤੀ ਗਈ ਏਜੰਸੀ, ਨਿਊਯਾਰਕ ਦੇ ਵਸਨੀਕਾਂ ਨੂੰ ਉਹਨਾਂ ਦੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਕਾਰੀ ਅਤੇ ਉਹਨਾਂ ਦੇ ਚੋਣ-ਪ੍ਰਚਾਰਾਂ ਲਈ ਰਕਮਾਂ ਕਿਵੇਂ ਮਿਲਦੀਆਂ ਹਨ, ਬਾਰੇ ਪੂਰੀ ਜਾਣਕਾਰੀ ਦਿੰਦੀ ਹੈ। ਸਾਡਾ ਮੈਚਿੰਗ ਫੰਡ ਪ੍ਰੋਗਰਾਮ ਸ਼ਹਿਰ ਦੀ ਫ਼ੰਡਿੰਗ ਦੇ $8 ਤੱਕ ਸਥਾਨਕ ਡੋਨਰ ਦੇ ਹਰ $1 ਨਾਲ ਮੇਲ ਖਾਂਦਾ ਹੈ, ਜਿਸ ਨਾਲ ਸ਼ਹਿਰ ਦੇ ਉਮੀਦਵਾਰਾਂ ਨੂੰ ਖ਼ਾਸ ਹਿੱਤਾਂ ਦੀ ਥਾਂ ਆਪਣੇ ਭਾਈਚਾਰਿਆਂ 'ਤੇ ਧਿਆਨ ਲਾਉਣ ਲਈ ਪ੍ਰੇਰਿਆ ਜਾਂਦਾ ਹੈ।

## ਮੈਚਿੰਗ ਫ਼ੰਡ ਪ੍ਰੋਗਰਾਮ

**ਸ਼ਹਿਰ ਦੇ ਉਮੀਦਵਾਰਾਂ ਲਈ ਤੁਹਾਡੇ ਯੋਗਦਾਨ ਦੀ ਅਹਿਮੀਅਤ ਉਸ ਸਮੇਂ ਵਧ ਜਾਂਦੀ ਹੈ, ਜਦੋਂ ਤੁਸੀਂ ਸ਼ਹਿਰ ਦੇ ਮੈਚਿੰਗ ਫ਼ੰਡਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਦੀ ਹਿਮਾਇਤ ਕਰਦੇ ਹੋ। ਹਿੱਸਾ ਲੈ ਰਹੇ ਉਮੀਦਵਾਰਾਂ ਲਈ ਸ਼ਹਿਰ ਦੇ ਵਸਨੀਕਾਂ ਤੋਂ ਮਿਲਣ ਵਾਲੇ ਦਾਨ ਦੀ ਮੈਚਿੰਗ $8-ਤੋਂ-$1 ਤੱਕ ਕੀਤੀ ਜਾ ਸਕਦੀ ਹੈ। ਇਸਦਾ ਮਤਲਬ ਇਹ ਹੈ ਕਿ ਜਦੋਂ ਤੁਸੀਂ $10 ਦਿੰਦੇ ਹੋ, ਤਾਂ ਉਮੀਦਵਾਰ ਨੂੰ $90 ਮਿਲਦੇ ਹਨ।**

ਇਹ ਪ੍ਰੋਗਰਾਮ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਚੋਣ-ਪ੍ਰਚਾਰ ਲਈ ਰਕਮਾਂ, ਖ਼ਾਸ ਹਿੱਤਾਂ ਦੀ ਬਜਾਇ ਨਿਊ ਯਾਰਕ ਦੇ ਵਸਨੀਕਾਂ ਵਲੋਂ ਦਿੱਤੀ ਜਾਣ ਵਾਲੀ ਡਾੱਲਰ ਦੀ ਮਾਮੂਲੀ ਰਕਮ ਨਾਲ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸਦਾ ਮਤਲਬ ਇਹ ਵੀ ਹੈ ਕਿ ਜਿਹੜੇ ਉਮੀਦਵਾਰ ਅਮੀਰ ਨਹੀਂ ਹਨ, ਪਰ ਭਾਈਚਾਰੇ ਵਿੱਚ ਉਹਨਾਂ ਦੀ ਮਜ਼ਬੂਤ ਹਿਮਾਇਤ ਹੋਣ ਕਰਕੇ ਉਹ ਹੋਰ ਵੰਨ-ਸੁਵੰਨੀ ਅਤੇ ਨੁਮਾਇੰਦਾ ਸਰਕਾਰ ਬਣਾਉਣ ਲਈ ਚੋਣ ਲੜ ਸਕਦੇ ਹਨ। ਨਿਊ ਯਾਰਕ ਦੀ 2021 ਦੀ ਚੋਣ ਵਿੱਚ 83% ਤੋਂ ਵੱਧ ਸਥਾਨਕ ਉਮੀਦਵਾਰਾਂ ਨੇ ਦੱਸਿਆ ਹੈ ਕਿ ਦਫ਼ਤਰ ਲਈ ਚੋਣ ਲੜਣ ਵਾਸਤੇ ਉਹਨਾਂ ਦੀ ਸਮਰੱਥਾ ਲਈ ਮੈਚਿੰਗ ਫ਼ੰਡਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

**contribute.nycvotes.org** 'ਤੇ ਯੋਗਦਾਨ ਪਾਓ

# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਆਮ

### ਪ੍ਰਮੁੱਖ ਚੋਣ ਕੀ ਹੈ?

ਇਹ ਚੋਣ ਤੋਂ ਪਹਿਲਾਂ ਦੀ ਚੋਣ ਹੈ। ਪ੍ਰਮੁੱਖ ਚੋਣਾਂ ਵਿੱਚ, ਤੁਸੀਂ ਫ਼ੈਸਲਾ ਕਰਦੇ ਹੋ ਕਿ ਆਮ ਚੋਣ ਲਈ ਕਿਹੜਾ ਸ਼ਖ਼ਸ ਤੁਹਾਡੀ ਪਾਰਟੀ ਦਾ ਉਮੀਦਵਾਰ ਹੋਏਗਾ। ਪ੍ਰਮੁੱਖ ਚੋਣਾਂ ਵਿੱਚ ਵੋਟ ਪਾਉਣ ਲਈ ਤੁਹਾਨੂੰ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਜ਼ਰੂਰ ਹੋਣਾ ਚਾਹੀਦਾ ਹੈ।

### ਕੀ ਮੈਂ 27 ਜੂਨ ਨੂੰ ਪ੍ਰਮੁੱਖ ਚੋਣ ਵਿੱਚ ਵੋਟ ਪਾ ਸਕਦਾ/ਸਕਦੀ ਹਾਂ?

ਤੁਸੀਂ ਵੋਟ ਪਾ ਸਕਦੇ ਹੋ, ਜੇਕਰ ਤੁਸੀਂ ਨਿਊਯਾਰਕ ਵਿੱਚ ਚੋਣ ਕਰਾ ਰਹੀ ਪਾਰਟੀ ਵਾਸਤੇ ਰਜਿਸਟਰਡ ਹੋ। ਰਜਿਸਟਰ ਕਰਨ ਦੀ ਅੰਤਮ-ਤਾਰੀਖ਼ 17 ਜੂਨ ਹੈ।

### ਮੈਂ ਵੋਟ ਪਾਉਣ ਲਈ ਰਜਿਸਟਰਡ ਹਾਂ, ਦਾ ਕਿਵੇਂ ਪਤਾ ਲਾ ਸਕਦਾ/ਸਕਦੀ ਹਾਂ?

**voterlookup.elections.ny.gov** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ **866-VOTE-NYC (866-868-3692)** ਜਾਂ **TTY 212-487-5496** 'ਤੇ NYC ਚੋਣ ਬੋਰਡ (Board of Elections) ਨੂੰ ਕਾੱਲ ਕਰੋ।

### ਕੀ ਹੁੰਦਾ ਹੈ, ਜੇ ਮੈਂ ਆਖ਼ਰੀ ਵਾਰੀ ਵੋਟ ਪਾਉਣ ਤੋਂ ਬਾਅਦ ਨਿਊਯਾਰਕ ਸਿਟੀ ਦੇ ਅੰਦਰ ਕਿਤੇ ਚਲਾ ਗਿਆ/ਚਲੀ ਗਈ ਸੀ?

ਜਦੋਂ ਤੁਸੀਂ ਜਾਂਦੇ ਹੋ, ਤਾਂ ਤੁਹਾਨੂੰ ਨਵਾਂ ਵੋਟਰ ਰਜਿਸਟ੍ਰੇਸ਼ਨ ਫਾਰਮ ਜਮ੍ਹਾ ਕਰਕੇ ਚੋਣ ਬੋਰਡ (Board of Elections) ਕੋਲ ਆਪਣਾ ਪਤਾ ਬਦਲਵਾਉਣਾ ਚਾਹੀਦਾ ਹੈ। ਤੁਹਾਡਾ ਬਦਲਿਆ ਹੋਇਆ ਪਤਾ ਚੋਣ ਬੋਰਡ (Board of Elections) ਨੂੰ 12 ਜੂਨ ਤੱਕ ਜ਼ਰੂਰ ਮਿਲ ਜਾਣਾ ਚਾਹੀਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਵਾਸਤੇ ਪਤਾ ਲਾਉਣ ਲਈ ਕਿ ਉਹਨਾਂ ਦੇ ਬਦਲੇ ਹੋਏ ਪਤੇ 'ਤੇ ਅੱਗੇ ਦੀ ਕਾਰਵਾਈ ਸ਼ੁਰੂ ਹੋ ਗਈ ਹੈ ਜਾਂ ਨਹੀਂ, ਲਈ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।

ਜੇ ਤੁਹਾਡਾ ਪਤਾ ਅਜੇ ਤੱਕ ਅਪਡੇਟ ਨਹੀਂ ਹੋਇਆ, ਤਾਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਇੱਕ ਹਲਫ਼ਨਾਮੇ ਵਾਲੀ ਵੋਟ-ਪਰਚੀ ਲਈ ਬੇਨਤੀ ਕਰਕੇ ਆਪਣੇ ਨਵੇਂ ਪਤੇ ਲਈ ਮਿੱਥੀ ਗਈ ਵੋਟਾਂ ਪੈਣ ਦੀ ਥਾਂ 'ਤੇ ਵੋਟ ਪਾ ਸਕਦੇ ਹੋ।

## ਡਾਕ ਰਾਹੀਂ ਵੋਟ

### ਗੈਰਹਾਜ਼ਰ ਬੈਲਟ ਦੀ ਬੇਨਤੀ ਕਰਨ ਵਾਸਤੇ ਵੈਧ ਕਾਰਣ ਕਿਹੜੇ ਹਨ?

ਜੇ ਤੁਸੀਂ ਚੋਣ-ਦਿਵਸ 'ਤੇ ਨਿਊਯਾਰਕ ਤੋਂ ਬਾਹਰ ਹੋ, ਬਿਮਾਰ ਹੋ ਜਾਂ ਸਰੀਰਕ ਤੌਰ 'ਤੇ ਅਸਮਰੱਥ (ਅਪੰਗ) ਹੋ, ਬਿਮਾਰ ਜਾਂ ਸਰੀਰਕ ਤੌਰ 'ਤੇ ਅਸਮਰੱਥਾ (ਅਪੰਗਤਾ) ਲੋਕਾਂ ਲਈ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਹੋ ਜਾਂ ਵੈਟਰਨਸ ਹੈਲਥ ਐਡਮਿਨਿਸਟ੍ਰੇਸ਼ਨ ਹਸਪਤਾਲ ਦੇ ਇੱਕ ਵਸਨੀਕ ਜਾਂ ਮਰੀਜ਼ ਹੋ ਜਾਂ ਕਿ ਤੁਸੀਂ ਜੇਲ੍ਹ ਵਿੱਚ ਬੰਦ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ। ਤੁਸੀਂ ਆਪਣੀ ਗੈਰਹਾਜ਼ਰ ਬੈਲਟ ਵਾਲੇ ਬੇਨਤੀ ਫ਼ਾਰਮ 'ਤੇ ਆਪਣਾ ਕਾਰਣ ਲਿਖ ਸਕਦੇ ਹੋ।

### ਕੀ ਮੈਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਕੇ ਅਜੇ ਵੀ ਆਪ ਜਾਕੇ ਵੋਟ ਪਾਉਣ ਦੇ ਯੋਗ ਹਾਂ

ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕੀਤੀ ਹੈ, ਤਾਂ ਫਿਰ ਤੁਹਾਨੂੰ ਇਸ ਨਾਲ ਵੋਟ ਪਾਉਣ ਦਾ ਪਲਾਨ ਬਣਾਉਣਾ ਚਾਹੀਦਾ ਹੈ। ਚੋਣ ਸ਼ੁਰੂ ਹੋਣ ਦੇ ਸਮੇਂ, ਤੁਸੀਂ ਵੋਟਿੰਗ ਹੋਣ ਵਾਲੀ ਕਿਸੇ ਵੀ ਥਾਂ 'ਤੇ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਹਾਲਾਂਕਿ, ਜੇ ਤੁਸੀਂ ਗੈਰਹਾਜ਼ਰ ਬੈਲਟ ਦੀ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ। ਇਹ ਵੋਟ-ਪਰਚੀ ਵੱਖਰੀ ਨਜ਼ਰ ਆਏਗੀ। ਜੇ ਤੁਹਾਨੂੰ ਇਸਦੀ ਲੋੜ ਹੈ, ਤਾਂ ਮਦਦ ਲਈ ਪੋਲ ਵਰਕਰ ਨੂੰ ਕਹੋ।

### ਕੀ ਮੈਨੂੰ ਡਾਕ ਟਿਕਟਾਂ ਲਾਉਣ ਦੀ ਲੋੜ ਹੈ, ਜੇ ਮੈਂ ਆਪਣੀ ਵੋਟ-ਪਰਚੀ ਡਾਕ ਰਾਹੀਂ ਭੇਜਦਾ/ਭੇਜਦੀ ਹਾਂ?

ਨਹੀਂ, ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ। ਹਾਲਾਂਕਿ, ਜਿੰਨੀ ਛੇਤੀ ਸੰਭਵ ਹੋਵੇ, ਆਪਣੀ ਵੋਟ-ਪਰਚੀ ਵਾਪਸ ਡਾਕ ਰਾਹੀਂ ਭੇਜਣੀ ਯਕੀਨੀ ਬਣਾਓ। ਇਸ ਨੂੰ ਵੈਧ ਕਰਨ ਲਈ ਚੋਣ-ਦਿਵਸ ਤੱਕ ਪੋਸਟਮਾਰਕ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ।

### ਕੀ ਮੈਂ ਵੋਟਾਂ ਪੈਣ ਦੀ ਥਾਂ 'ਤੇ ਆਪਣੀ ਗੈਰਹਾਜ਼ਰ ਬੈਲਟ ਪਾ ਸਕਦਾ/ਸਕਦੀ ਹਾਂ?

ਹਾਂ! ਤੁਸੀਂ ਕਿਸੇ ਵੀ NYC ਦੀ ਵੋਟਾਂ ਪੈਣ ਦੀ ਥਾਂ 'ਤੇ ਜਾਂ ਚੋਣ ਬੋਰਡ (Board of Elections) ਦੇ ਦਫ਼ਤਰ ਵਿੱਚ ਆਪਣੀ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਮੂਹਰਲੇ ਡੈਸਕ 'ਤੇ ਵੋਟ-ਪਰਚੀਆਂ ਵਾਲੇ ਡੱਬਾ ਮਿਲਣਗੇ। ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ।

### ਕੀ ਮੈਂ ਆਪਣੀ ਵੋਟ-ਪਰਚੀ ਵਾਪਸ ਕਰਨ ਤੋਂ ਬਾਅਦ ਇਸਦਾ ਟ੍ਰੈਕ ਕਰ ਭੇਜਦਾ/ਭੇਜਦੀ ਹਾਂ?

ਹਾਂ! **nycabsentee.com/tracking** 'ਤੇ ਜਾਓ।

### ਕੀ ਹੁੰਦਾ ਹੈ, ਜੇ ਮੇਰੀ ਗੈਰਹਾਜ਼ਰ ਬੈਲਟ ਨਾਲ ਕੋਈ ਮਸਲਾ ਹੈ? ਕੀ ਮੈਨੂੰ ਇਸ ਨੂੰ ਦਰੁਸਤ ਕਰਨ ਦਾ ਮੌਕਾ ਮਿਲੇਗਾ?

ਜੇ ਤੁਹਾਡੀ ਵੋਟ-ਪਰਚੀ ਦੇ ਲਿਫ਼ਾਫ਼ੇ 'ਤੇ ਦਸਤਖ਼ਤ ਨਾ ਕਰਨ ਜਾਂ ਗ਼ਲਤ ਦਸਤਖ਼ਤ ਕਰਨ ਵਰਗੀ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਤੁਹਾਨੂੰ ਕਾਨੂੰਨ ਦੀ ਲੋੜ ਅਨੁਸਾਰ ਇਸ ਬਾਰੇ ਚੋਣ ਬੋਰਡ (Board of Elections) ਨੂੰ ਦੱਸਣਾ ਪੈਣਾ ਹੈ। ਜੇ ਤੁਹਾਡੀ ਵੋਟ-ਪਰਚੀ 'ਤੇ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਦਫ਼ਤਰ ਇਸ ਗ਼ਲਤੀ ਦਾ ਪਤਾ ਲੱਗਣ ਦੇ 1 ਦਿਨ ਦੇ ਅੰਦਰ ਡਾਕ, ਈਮੇਲ ਜਾਂ ਫੋਨ (ਜੇ ਉਪਲਬਧ ਹੈ) ਰਾਹੀਂ ਤੁਹਾਡੇ ਨਾਲ ਸੰਪਰਕ ਕਰੇਗਾ। ਫਿਰ, ਦਸਤਖ਼ਤਸ਼ੁਦਾ ਪੁਸ਼ਟੀ ਵਾਪਸ ਕਰਕੇ ਉਸ ਗ਼ਲਤੀ ਨੂੰ ਠੀਕ ਕਰਨ ਲਈ ਤੁਹਾਡੇ ਕੋਲ ਦਫ਼ਤਰੀ ਕੰਮਕਾਜ ਦੇ 7 ਦਿਨ ਤੱਕ ਹੋਣਗੇ।

**ਕੀ ਤੁਹਾਡੇ ਹੋਰ ਸੁਆਲ ਹਨ?**

**punjabi.nycvotes.org/faqs** 'ਤੇ ਜਾਓ! ਤੁਸੀਂ ਸਾਨੂੰ **nycvotes@nyccfb.info** 'ਤੇ ਈਮੇਲ ਵੀ ਕਰ ਸਕਦੇ ਹੋ ਜਾਂ (**@nycvotes**) 'ਤੇ Instagram, Twitter, Facebook ਜਾਂ TikTok 'ਤੇ ਸਾਨੂੰ ਮੈਸੇਜ ਕਰ ਸਕਦੇ ਹੋ।

# ਤਰਜੀਹੀ ਵੋਟਿੰਗ

### ਤਰਜੀਹੀ ਵੋਟਿੰਗ ਕਿਵੇਂ ਕੰਮ ਕਰਦੀ ਹੈ?

ਸਿਰਫ਼ ਇੱਕ ਉਮੀਦਵਾਰ ਨੂੰ ਚੁਣਨ ਦੀ ਥਾਂ, ਤਰਜੀਹੀ ਤਰਤੀਬ ਵਿੱਚ ਤੁਸੀਂ ਪੰਜ ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ। ਜੇ ਉਮੀਦਵਾਰ ਨੂੰ ਪਹਿਲੀ-ਪਸੰਦ ਦੀਆਂ ਵੋਟਾਂ ਦਾ 50% ਤੋਂ ਵੱਧ ਮਿਲਦਾ ਹੈ, ਤਾਂ ਉਹ ਜੇਤੂ ਹੁੰਦੇ ਹਨ। ਜੇ ਉਮੀਦਵਾਰ ਨੂੰ ਪਹਿਲੀ-ਪਸੰਦ ਦੀਆਂ ਵੋਟਾਂ ਦਾ 50% ਤੋਂ ਵੱਧ ਨਹੀਂ ਮਿਲਦਾ, ਤਾਂ ਫਿਰ ਗਿਣਤੀ ਗੇੜਾਂ ਵਿੱਚ ਚੱਲਦੀ ਰਹੇਗੀ। ਹਰ ਗੇੜ ਦੇ ਅਖ਼ੀਰ 'ਤੇ, ਸਭ ਤੋਂ ਘੱਟ ਵੋਟਾਂ ਵਾਲਾ ਉਮੀਦਵਾਰ ਬਾਹਰ ਹੋ ਜਾਏਗਾ। ਜੇ ਤੁਸੀਂ ਉਸ ਉਮੀਦਵਾਰ ਨੂੰ ਪਹਿਲਾ ਰੈਂਕ ਦਿੰਦੇ ਹੋ, ਤਾਂ, ਤੁਹਾਡੀ ਵੋਟ-ਪਰਚੀ 'ਤੇ ਅਗਲੇ ਰੈਂਕ ਵਾਲੇ ਉਮੀਦਵਾਰ ਨੂੰ ਮਿਲ ਜਾਏਗੀ। ਇਹ ਅਮਲ ਦੋ ਉਮੀਦਵਾਰ ਬਚਣ ਤੱਕ ਜਾਰੀ ਰਹੇਗਾ। ਸਭ ਤੋਂ ਵੱਧ ਵੋਟਾਂ ਵਾਲਾ ਉਮੀਦਵਾਰ ਜੇਤੂ ਹੁੰਦਾ ਹੈ।

### ਕੀ ਮੈਂ ਅਜੇ ਵੀ ਸਿਰਫ਼ ਇੱਕ ਉਮੀਦਵਾਰ ਨੂੰ ਵੋਟ ਪਾ ਸਕਦਾ/ਸਕਦੀ ਹਾਂ?

ਹਾਂ। ਜੇ ਤੁਸੀਂ ਚਾਹੋ, ਤਾਂ ਤੁਸੀਂ ਅਜੇ ਵੀ ਸਿਰਫ਼ ਆਪਣੀ ਪਹਿਲੀ-ਪਸੰਦ ਵਾਲੇ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਹਾਲਾਂਕਿ, ਹੋਰਨਾਂ ਉਮੀਦਵਾਰਾਂ ਨੂੰ ਦਿੱਤੀ ਗਈ ਰੈਂਕਿੰਗ ਤੁਹਾਡੀ ਪਹਿਲੀ ਪਸੰਦ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ। ਜੇ ਸਿਰਫ਼ ਤੁਹਾਡੀ ਪਸੰਦ ਦਾ ਉਮੀਦਵਾਰ ਬਾਹਰ ਹੋ ਜਾਂਦਾ ਹੈ, ਤਾਂ ਤੁਹਾਡੀ ਵੋਟ ਦਾ ਚੋਣ-ਨਤੀਜੇ 'ਤੇ ਕੋਈ ਅਸਰ ਨਹੀਂ ਪਏਗਾ।

### ਕੀ ਮੈਂ ਕੁੱਲ 5 ਉਮੀਦਵਾਰਾਂ ਨੂੰ ਰੈਂਕ ਦੇਣਾ ਹੈ?

ਨਹੀਂ। ਤੁਸੀਂ ਪੰਜ ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ, ਪਰ ਤੁਹਾਨੂੰ ਕੁੱਲ ਪੰਜ ਰੈਂਕ ਦੇਣ ਦੀ ਲੋੜ ਨਹੀਂ ਹੈ।

### ਕੀ ਮੈਂ ਆਪਣੇ ਪਸੰਦੀਦਾ ਉਮੀਦਵਾਰ ਨੂੰ ਇੱਕ ਨਾਲੋਂ ਵੱਧ ਵਾਰੀ ਰੈਂਕ ਦੇ ਸਕਦਾ/ਸਕਦੀ ਹਾਂ?

ਨਹੀਂ। ਉਦਾਹਰਣ ਲਈ, ਜੇ ਤੁਸੀਂ ਆਪਣੇ ਤਰਜੀਹੀ ਉਮੀਦਵਾਰ ਨੂੰ ਇੱਕ ਤੋਂ ਵੱਧ ਵਾਰੀ ਰੈਂਕ ਦਿੰਦੇ ਹੋ, ਤਾਂ ਤੁਹਾਡੀ 1ਲੀ, 2ਜੀ, 3 ਜੀ, 4ਥੀ ਅਤੇ 5ਵੀਂ ਰੈਂਕਿੰਗ ਵਿੱਚੋਂ ਸਿਰਫ਼ ਪਹਿਲੀ ਗਿਣੀ ਜਾਏਗੀ। ਇੱਕੋ ਉਮੀਦਵਾਰ ਨੂੰ ਕਈ ਰੈਂਕਿੰਗ ਦੇਣ ਦਾ ਕੋਈ ਸਿਆਸੀ ਫ਼ਾਇਦਾ ਨਹੀਂ ਹੁੰਦਾ।

### ਕੀ ਮੈਂ ਆਪਣੀ ਪਹਿਲੀ ਪਸੰਦ ਵਜੋਂ ਕਈ ਉਮੀਦਵਾਰਾਂ ਨੂੰ ਰੈਂਕ ਦੇ ਸਕਦਾ/ਸਕਦੀ ਹਾਂ?

ਨਹੀਂ। ਤੁਸੀਂ ਹਰ ਇੱਕ ਰੈਂਕਿੰਗ ਲਈ ਸਿਰਫ਼ ਇੱਕ ਉਮੀਦਵਾਰ ਚੁਣ ਸਕਦੇ ਹੋ। ਜੇ ਤੁਸੀਂ ਆਪਣੀ ਪਹਿਲੀ ਪਸੰਦ ਵਜੋਂ ਇੱਕ ਤੋਂ ਵੱਧ ਉਮੀਦਵਾਰ ਚੁਣਦੇ ਹੋ, ਤਾਂ ਤੁਹਾਡੀ ਵੋਟ-ਪਰਚੀ ਵੈਧ ਨਹੀਂ ਹੋਏਗੀ।

### ਜੇ ਮੈਂ ਪੰਜ ਉਮੀਦਵਾਰਾਂ ਨੂੰ ਰੈਂਕ ਦਿੰਦਾ/ਦਿੰਦੀ ਹਾਂ, ਤਾਂ ਕੀ ਮੇਰੀਆਂ ਪੰਜ ਵੋਟਾਂ ਗਿਣੀਆਂ ਜਾਂਦੀਆਂ ਹਨ?

ਨਹੀਂ। ਤੁਹਾਡੀ ਸਿਰਫ਼ ਇੱਕ ਵੋਟ ਗਿਣੀ ਜਾਏਗੀ। ਤੁਹਾਡੀ ਵੋਟ ਸਿਰਫ਼ ਤੁਹਾਡੇ ਸਭ ਤੋਂ ਉੱਚੀ ਰੈਂਕ ਵਾਲੇ ਉਮੀਦਵਾਰ ਲਈ ਗਿਣੀ ਜਾਏਗੀ, ਜੋ ਕਿ ਬਾਹਰ ਨਹੀਂ ਹੋਇਆ। ਜੇ ਤੁਹਾਡੀ ਮੁੱਖ ਚੋਣ ਵਾਲਾ ਉਮੀਦਵਾਰ ਬਾਹਰ ਹੋ ਜਾਂਦਾ ਹੈ, ਤਾਂ ਫਿਰ ਤੁਹਾਡੀ ਵੋਟ ਤੁਹਾਡੇ ਅਗਲੇ ਸਭ ਤੋਂ ਉੱਚੀ ਰੈਂਕ ਵਾਲੇ ਉਮੀਦਵਾਰ ਲਈ ਗਿਣੀ ਜਾਏਗੀ।

### ਮੈਂ ਤਰਜੀਹੀ ਵੋਟਿੰਗ ਦੀਆਂ ਚੋਣਾਂ ਦੇ ਨਤੀਜਿਆਂ ਦੀ ਕਦੋਂ ਤੱਕ ਉਮੀਦ ਕਰ ਸਕਦਾ/ਸਕਦੀ ਹਾਂ?

ਇਸ ਗੱਲ ਦੀ ਸੰਭਾਵਨਾ ਹੈ ਕਿ ਤਰਜੀਹੀ ਵੋਟਿੰਗ ਦੇ ਅੰਤਮ ਨਤੀਜੇ, ਸਾਰੀਆਂ ਗੈਰਹਾਜ਼ਰ ਅਤੇ ਫ਼ੌਜੀ ਵੋਟ-ਪਰਚੀਆਂ ਦੀ ਗਿਣਤੀ ਕੀਤੇ ਜਾਣ ਤੱਕ ਜਾਰੀ ਨਹੀਂ ਕੀਤੇ ਜਾਣਗੇ, ਇਸ ਅਮਲ ਲਈ ਚੋਣ-ਦਿਵਸ ਤੋਂ ਬਾਅਦ ਕਈ ਹਫ਼ਤੇ ਲੱਗ ਸਕਦੇ ਹਨ।

### ਮੈਂ ਤਰਜੀਹੀ ਵੋਟਿੰਗ ਵਾਲੇ ਉਮੀਦਵਾਰ ਨੂੰ ਲਿਖਕੇ ਵੋਟ ਕਿਵੇਂ ਪਾਵਾਂ?

ਉਸ ਉਮੀਦਵਾਰ, ਜਿਸਦਾ ਨਾਂ ਵੋਟ-ਪਰਚੀ 'ਤੇ ਨਹੀਂ ਹੈ, ਨੂੰ ਵੋਟ ਪਾਉਣ ਲਈ "Write-in" (ਇੱਥੇ ਲਿਖੋ) ਵਿੱਚ ਉਹਨਾਂ ਦਾ ਨਾਂ ਲਿਖੋ ਅਤੇ ਆਪਣੀ ਰਾਈਟ-ਇਨ ਪਸੰਦ ਲਈ ਅੰਡਾਕਾਰ ਥਾਂ ਭਰੋ।

### ਜੇ ਮੈਂ ਆਪਣੀ ਵੋਟ-ਪਰਚੀ 'ਤੇ ਕੋਈ ਗ਼ਲਤੀ ਕਰਦਾ/ਕਰਦੀ ਹਾਂ, ਤਾਂ ਕੀ ਵੋਟਿੰਗ ਮਸ਼ੀਨ ਮੈਨੂੰ ਦੱਸੇਗੀ?

ਜੇ ਤੁਸੀਂ ਆਪ ਜਾਕੇ ਵੋਟ ਪਾਉਂਦੇ ਹੋ, ਤਾਂ ਇਸਨੂੰ ਸਕੈਨ ਕਰਨ ਵੇਲੇ ਵੋਟਿੰਗ ਮਸ਼ੀਨ ਤੁਹਾਨੂੰ ਦੱਸੇਗੀ ਕਿ ਤੁਸੀਂ ਕਈ ਉਮੀਦਵਾਰਾਂ ਨੂੰ ਇੱਕੋ ਜਿਹੀ ਰੈਂਕਿੰਗ ਦਿੱਤੀ ਹੈ। ਜੇ ਤੁਹਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ, ਤਾਂ ਤੁਸੀਂ ਪੋਲ ਵਰਕਰ ਨੂੰ ਨਵੀਂ ਵੋਟ-ਪਰਚੀ ਦੇਣ ਲਈ ਕਹਿ ਸਕਦੇ ਹੋ। ਜੇ ਤੁਸੀਂ ਰੈਂਕਿੰਗ ਛੱਡ ਦਿੰਦੇ ਹੋ ਜਾਂ ਇੱਕ ਹੀ ਉਮੀਦਵਾਰ ਨੂੰ ਕਈ ਵਾਰੀ ਵੋਟ ਦਿੰਦੇ ਹੋ, ਤਾਂ ਵੋਟਿੰਗ ਮਸ਼ੀਨ ਤੁਹਾਨੂੰ ਇਸ ਬਾਰੇ ਨਹੀਂ ਦੱਸੇਗੀ, ਕਿਉਂਕਿ ਉਹਨਾਂ ਸਥਿਤੀਆਂ ਵਿੱਚ ਅਜੇ ਵੀ ਤੁਹਾਡੀ ਮੁੱਖ-ਪਸੰਦ ਵਾਲੀ ਵੋਟ ਹੀ ਗਿਣੀ ਜਾਏਗੀ।

## ਚੋਣ ਬੋਰਡ (Board of Elections) ਨਾਲ ਆਪਣੀ ਜਾਣਕਾਰੀ ਅਪਡੇਟ ਕਰੋ

ਸਾਨੂੰ ਤੁਹਾਡਾ ਨਾਂ ਅਤੇ ਪਤਾ ਨਿਊਯਾਰਕ ਸ਼ਹਿਰ ਚੋਣ ਬੋਰਡ (Board of Elections) ਵਲੋਂ ਪ੍ਰਬੰਧ ਕੀਤੀ ਗਈ ਰਜਿਸਟਰਡ ਵੋਟਰਾਂ ਦੀ ਸੂਚੀ ਤੋਂ ਮਿਲ ਗਿਆ ਹੈ।

ਜੇ ਤੁਹਾਨੂੰ ਮੇਲ ਰਾਹੀਂ ਵੋਟ ਮਿਲਦੀ ਹੈ, ਪਰ ਤੁਸੀਂ ਉਸ ਪਤੇ 'ਤੇ ਨਹੀਂ ਰਹਿੰਦੇ ਜਾਂ ਪਿਛਲਾ ਵਸਨੀਕ ਚਲਾ ਗਿਆ ਹੈ ਜਾਂ ਉਸਦੀ ਮੌਤ ਹੋ ਗਈ ਹੈ, ਤਾਂ ਚੋਣ ਬੋਰਡ (Board of Elections) ਨੂੰ ਦੱਸੋ, ਤਾਂਜੋ ਉਹ ਆਪਣੇ ਰਿਕਾੱਰਡ ਦਰੁਸਤ ਕਰ ਸਕਣ।

NYC VOTES

## ਵੋਟਰ ਗਾਈਡ ਬਾਰੇ

ਕਾਨੂੰਨ ਅਨੁਸਾਰ, NYC Votes ਨੂੰ ਸ਼ਹਿਰੀ ਚੋਣਾਂ ਲਈ ਨਿਊਯਾਰਕ ਸਿਟੀ ਵਿਚਲੇ ਰਜਿਸਟਰਡ ਵੋਟਰ ਵਾਲੇ ਹਰ ਇੱਕ ਘਰ ਵਿੱਚ ਵੋਟਰ ਗਾਈਡ ਭੇਜਣੀ ਪੈਣੀ ਹੈ। ਅਸੀਂ ਹਰ ਰਜਿਸਟਰਡ ਵੋਟਰ ਲਈ ਇਹ ਗਾਈਡ ਅੰਗ੍ਰੇਜ਼ੀ ਅਤੇ ਸਪੈਨਿਸ਼ ਅਤੇ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਅਧਾਰ 'ਤੇ ਮਿੱਥੇ ਹੋਏ ਇਲਾਕਿਆਂ ਵਿਚਲੇ ਵੋਟਰਾਂ ਨੂੰ ਅਰਬੀ, ਬੰਗਾਲੀ, ਚੀਨੀ, ਫ਼੍ਰੈਂਚ, ਹੈਤੀਅਨ ਕ੍ਰਿਓਲ, ਹਿੰਦੀ, ਕੋਰੀਅਨ, ਪੌਲਿਸ਼, ਪੰਜਾਬੀ, ਰੂਸੀ ਅਤੇ ਉਰਦੂ ਵਿੱਚ ਭੇਜਦੇ ਹਾਂ।

**ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ punjabi.nycvotes.org/candidates 'ਤੇ ਜਾਓ।**

ਨਿਊਯਾਰਕ ਸ਼ਹਿਰ 2023 ਪ੍ਰਮੁੱਖ ਚੋਣਾਂ ਬਾਰੇ ਵੋਟਰ ਗਾਈਡ। ਕਾੱਪੀਰਾਈਟ © 2023 ਨਿਊਯਾਰਕ ਸ਼ਹਿਰ ਦਾ ਚੋਣ-ਪ੍ਰਚਾਰ ਫਾਇਨਾਂਸ ਬੋਰਡ ਨਿਊਯਾਰਕ ਸਾਰੇ ਹੱਕ ਰਾਖਵੇਂ ਹਨ। ਬੈੱਲਵੈਦਰ ਏਜੰਸੀ ਵਲੋਂ ਡਿਜ਼ਾਈਨ। ਅਮਰੀਕਾ ਵਿੱਚ ਤਿਆਰ ਕੀਤੀ ਗਈ ਹੈ

## ਚੋਣ ਬੋਰਡ (Board of Elections) ਨਾਲ ਸੰਪਰਕ ਕਰੋ

ਚੋਣ ਬੋਰਡ (Board of Elections) ਸਾਡੀਆਂ ਚੋਣਾਂ ਦਾ ਪ੍ਰਬੰਧ ਕਰਦਾ ਹੈ ਅਤੇ ਰਜਿਸਟਰਡ ਵੋਟਰਾਂ ਦੇ ਡਾਟਾਬੇਸ ਦੀ ਸਾਂਭ-ਸੰਭਾਲ, ਵੋਟਾਂ ਪੈਣ ਵਾਲੀਆਂ ਥਾਵਾਂ ਦੀ ਨਿਗਰਾਨੀ, ਵੋਟ-ਪਰਚੀਆਂ ਦੀ ਗਿਣਤੀ ਅਤੇ ਚੋਣ ਨਤੀਜਿਆਂ ਦੀ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੈ। ਤੁਸੀਂ ਚੋਣ ਬੋਰਡ (Board of Elections) ਕੋਲ ਆਪਣੀ ਵੋਟਰ ਰਜਿਸਟ੍ਰੇਸ਼ਨ ਅਪਡੇਟ ਕਰ ਸਕਦੇ ਹੋ, ਗੈਰਹਾਜ਼ਰ ਬੈਲਟ ਲਈ ਅਪਲਾਈ ਕਰ ਸਕਦੇ ਹੋ, ਪੋਲ ਵਰਕਰ ਜਾਂ ਭਾਸ਼ਾ ਬਾਰੇ ਦੁਭਾਸੀਆ ਲਈ ਅਪਲਾਈ ਅਤੇ ਹੋਰ ਬਹੁਤ ਕੁਝ ਕਰ ਸਕਦੇ ਹੋ।

### ਕੰਮ-ਕਾਜ ਦਾ ਆਮ ਸਮਾਂ

ਸਵੇਰੇ 9:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਸੋਮਵਾਰ ਤੋਂ ਸ਼ੁੱਕਰਵਾਰ ਅਤੇ ਚੋਣ-ਦਿਵਸ 'ਤੇ ਅਤੇ ਉਸਤੋਂ ਪਹਿਲਾਂ ਪੈਣ ਵਾਲੇ ਵੀਕਐਂਡ ਦੌਰਾਨ। ਕੰਮ-ਕਾਜ ਦੇ ਸਮਿਆਂ ਲਈ **vote.nyc** 'ਤੇ ਪਤਾ ਲਾਓ।

ਸੁਣਨ ਵਿੱਚ ਦਿੱਕਤ ਵਾਲਿਆਂ ਲਈ
866-VOTE-NYC
(TTY 212-487-5496)

**ਹੋਰ ਜਾਣਨ ਲਈ vote.nyc 'ਤੇ ਜਾਓ**

| | ਪਤਾ | ਫੋਨ ਨੰਬਰ |
|---|---|---|
| ਆਮ ਦਫ਼ਤਰ | 32-42 Broadway, 7th Floor<br>New York, NY 10004 | 212-487-5400 |
| ਬ੍ਰੌਂਕਸ | 1780 Grand Concourse, 5th Floor<br>Bronx, NY 10457 | |
| ਬਰੂਕਲਿਨ | 345 Adams Street, 4th Floor<br>Brooklyn, NY 11201 | |
| ਮੈਨਹੱਟਨ | 200 Varick Street, 10th Floor<br>New York, NY 10014 | |
| ਕੁਈਨਸ | 118-35 Queens Boulevard, 11th Floor<br>Forest Hills, NY 11375 | |
| ਸਟੇਟਨ ਆਈਲੈਂਡ | 1 Edgewater Plaza, 4th Floor<br>Staten Island, NY 10305 | |